ਅਗਸਤ/ August 2023
ਸਾਲ/ Year 08
ਅੰਕ/ Edition 05
ਕੁੱਲ ਸਫੇ/ Total Page 16
Anual Subcription: 500/-

Regd Office:
1195, Ajit Nagar Moga
Pin: 142 001 (Punjab) INDIA

Estd. 2000

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com

## ਅੰਦਰ ਪੜ੍ਹੋ



* ਮੋਗਾ ਰੇਲਵੇ ਸਟੇਸ਼ਨ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਤਹਿਤ ਲਿਆਉਣ ਲਈ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪ੍ਰਧਾਨ ਮੰਤਰੀ ਤੇ ਰੇਲ ਮੰਤਰੀ ਲਿੱਖਿਆ ਪੱਤਰ
* ਹੀਰੇ ਵਰਗੀ ਸਹਿਜ਼ਾਦੀ ਵੀ ਖੁਸ ਗਈ ਸਿੱਖ ਕੌਮ ਕੋਲੋ!
* ਕੋਈ ਵੀ ਚੀਜ ਕੀਰਤਨ ਦੀ ਆਵਾਜ ਵਿੱਚ ਰੁਕਾਵਟ ਨਾ ਪਾਵੇ, ਇਸ ਚੀਜ ਨੂੰ ਧਿਆਨ ਵਿੱਚ ਰੱਖ ਕੇ ਹਰਮੰਦਰ ਸਾਹਿਬ ਦੇ ਭਵਨ ਨਿਰਮਾਨ ਦੀ ਸਿਰਜਨਾ ਹੋਈ!
* ਲੋਕ ਹੜ੍ਹਾਂ ਨਾਲ ਰੁੜ ਰਹੇ ਹਨ, ਨੌਜਵਾਨ ਚਿੱਟੇ ਨਾਲ ਮਰ ਰਹੇ ਹਨ ਅਜਿਹੇ ਮਾਹੌਲ ਵਿੱਚ ਤੀਆਂ ਦੇ ਪ੍ਰੋਗਰਾਮ ਸ਼ੋਭਾ ਨਹੀਂ ਦਿੰਦੇ!

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com




# ਮਿੱਠੀ ਜੇਲ੍ਹ ਹੈ ਪਰਦੇਸਾਂ ਦਾ ਪਰਵਾਸ





ਮੋਗਾ ਵਿਖੇ ਵੱਡੀ ਗਿਣਤੀ ਵਿੱਚ 'ਘੜਾ ਤੇ ਭਾਂਡੇ ਨਿਰਮਾਤਾ' ਪਰਿਵਾਰ ਰਹਿੰਦੇ ਹਨ ਹੁਣ ਇਹਨਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਦੇ ਕੇ ਵਿਸ਼ਵ ਪੱਧਰ ਤੇ ਭਾਂਡੇ ਬਣਾਉਣ ਦੇ ਕਾਬਿਲ ਬਣਾਇਆ ਜਾ ਰਿਹਾ ਹੈ। ਇਸ ਨਾਲ ਜ਼ਿਲ੍ਹਾ ਮੋਗਾ ਦਾ ਨਾਮ ਵਿਸ਼ਵ ਪੱਧਰ ਉੱਤੇ ਆਵੇਗਾ।



# 15 ਅਗਸਤ ਅਜ਼ਾਦੀ ਦਿਵਸ ਤੇ ਵਿਸ਼ੇਸ਼ ਸਪਲੀਮੈਂਟ

ਇਸ ਸਪਲੀਮੈਂਟ ਵਿੱਚ ਇਸ਼ਤਿਹਾਰ ਅਤੇ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾ ਅਤੇ ਇਸ਼ਤਿਹਾਰ ਦਾਤਾਵਾਂ ਦਾ ਹਾਰਦਿਕ ਧੰਨਵਾਦ!

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ ਬਿਊਰੋ) ਸੰਪਰਕ: 9988-92-9988

ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਕਰਨ ਵਾਲੇ ਸੁਤੰਤਰਤਾ ਸੈਲਾਨੀਆਂ ਨੂੰ ਕੋਟਿ-ਕੋਟਿ ਪ੍ਰਣਾਮ!



ਸੰਤ ਬਾਬਾ ਰੇਸ਼ਮ ਸਿੰਘ ਜੀ ਖਾਲਸਾ (ਖੁਖਰਾਣੇ ਵਾਲੇ)

ਸੀਨੀ. ਮੀਤ ਪ੍ਰਧਾਨ: ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ: ਖਾਲਸਾ ਐਕਸ਼ਨ ਕਮੇਟੀ

ਸੁਪਰਸਤ: ਦੁੱਖ ਭੰਜਨ ਸੇਵਾ ਸੁਸਾਇਟੀ

ਮੁੱਖ ਸੇਵਾਦਾਰ :

ਗੁ. ਸਾਹਿਬ ਦੁੱਖ ਭੰਜਨਸਰ


ਮੋ. 98153-11318

ਜਾਰੀ ਕਰਤਾ: ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ: ਆਪ ਜਿਲ੍ਹਾ ਮੋਗਾ) ਅਤੇ ਭਾਈ ਹਰਪ੍ਰੀਤ ਸਿੰਘ ਖੁਖਰਾਣਾ

ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।



ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸ਼ੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਪਾਏ ਜਾਦੇ ਹਨ।



ਸਮੂੰਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਬੇਨਤੀ ਕਰਤਾ : ਸੇਵਾਦਾਰ

ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ

ਸੰਪਰਕ : 62800-15996

ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ

ਵਧੀਆਂ ਕੁਆਲਟੀ ਵਿੱਚ ਫਲੈਕਸਾ ਬਣਵਾਉਣ

ਜੰਤਰੀਆਂ, ਕੈਲੰਡਰ, ਡਾਇਰੀਆਂ

ਮੈਗਜੀਨ ਪੁਸਤਕਾਂ ਛਪਵਾਉਣ

ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

ਮਹਿਕ ਵਤਨ ਦੀ ਐਡਵੇਟਾਈਜਮੈਂਟ ਕੰਪਨੀ (ਰਜਿ:)

Help Line: 9988-92-9988

E-mail: mehakwattandi@rediffmail.com

www.mehakwatandilive.com

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਅਜਿਹੇ ਮਾਹੌਲ ਵਿੱਚ ਤੀਆਂ ਦੇ ਪ੍ਰੋਗਰਾਮ ਸ਼ੋਭਾ ਨਹੀਂ ਦਿੰਦੇ!

ਪੰਜਾਬੀ ਵਿਰਾਸਤ ਦਾ ਅਨਿੱਖੜਵਾ ਅੰਗ ਹਨ 'ਪੁਰਾਤਨ ਤੀਆਂ'। ਕਦੇ ਉਹ ਸਮਾਂ ਸੀ ਜਦ ਸਾਉਣ ਦੇ ਮਹੀਨੇ ਦਾ ਨਾਮ ਸੁਣ ਕੇ ਔਰਤਾਂ ਨੂੰ ਚਾਅ ਚੜ੍ਹ ਜਾਂਦਾ ਸੀ। ਤੀਆਂ ਦਾ ਤਿਉਹਾਰ ਔਰਤਾਂ ਦਾ ਮਨ-ਭਾਉਂਦਾ ਤਿਉਹਾਰ ਸੀ। ਫਿਰ ਉਹ ਸਮਾਂ ਆਇਆ ਜਦ ਇਹ ਤਿਉਹਾਰ ਅਲੋਪ ਹੋ ਗਿਆ। ਮੁਟਿਆਰ ਕੁੜੀਆਂ ਸਿਰਫ ਆਪਣੀ ਕਿਤਾਬੀ ਪੜਾਈ ਲਿਖਾਈ ਤੱਕ ਸੀਮਤ ਹੋ ਕੇ ਰਹਿ ਗਈਆਂ ਤੇ ਇਹ ਅਨਮੋਲ ਸੌਗਾਤ ਅਲੋਪ ਹੋ ਗਈ। ਬਹੁਤ ਸਾਰੇ ਵਿਦਵਾਨਾਂ ਨੇ ਵੀ 'ਤੀਆਂ' ਦੇ ਪੁਰਤਾਣ ਇਤਿਹਾਸ ਨੂੰ ਵਾਚਦਿਆਂ ਇਸ ਤਿਉਹਾਰ ਦਾ ਵਿਰੋਧ ਵੀ ਕੀਤਾ। ਠੀਕ ਹੈ, ਉਸ ਸਮੇਂ ਹੁਕਮਰਾਨਾ ਨੇ 'ਤੀਆਂ' ਦੀ ਸ਼ੁਰੂਆਤ ਗਲਤ ਮਕਸਦ ਨਾਲ ਕੀਤੀ ਸੀ ਪਰ ਉਹ ਸਮਾਂ ਬੀਤਨ ਤੋਂ ਬਾਅਦ ਜੋ ਤੀਆਂ ਦਾ ਸੁਧਰਿਆ ਹੋਇਆ ਰੂਪ ਸਾਡੀ ਵਿਰਾਸਤ ਦਾ ਅੰਗ ਬਣਿਆ ਉਸ ਨੂੰ ਸਵੀਕਾਰ ਕਰਨਾ ਤੇ ਉਸ ਰੀਤ ਨੂੰ ਬਰਕਰਾਰ ਰੱਖਣਾ ਵੀ ਸਾਡਾ ਫਰਜ ਹੈ। ਜਿਹੜੀ ਪ੍ਰਮਪਰਾ ਸਾਡੇ ਰਿਸ਼ਤਿਆਂ ਨਾਤਿਆਂ ਨੂੰ ਗੂੜਾ ਕਰਦੀ ਹੈ, ਸਾਨੂੰ ਖੁਸ਼ੀ ਦਿੰਦੀ ਹੈ ਉਸ ਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦਾ ਹੈ।

ਖੈਰ! ਗੱਲ ਕਰਦੇ ਸੀ ਉਨ੍ਹਾ ਪੁਰਤਾਣ ਤੀਆਂ ਦੀ ਜੋ ਸਾਡੇ ਕੋਲੋਂ ਖੁਸ ਗਈਆਂ ਸਨ। ਇਸ ਤਿਉਹਾਰ ਦੇ ਅਲੋਪ ਹੋ ਜਾਣ ਕਾਰਨ ਮੁਟਿਆਰਾਂ ਦੇ ਰਲ ਬੈਠਣ ਦੀ, ਇਕੱਠੀਆਂ ਹੋ ਕੇ ਦੁੱਖ-ਸ਼ਾਂਝੇ ਕਰਨ ਦੀ ਚਾਹਤ ਨੂੰ ਵੀ ਢਾਅ ਲੱਗ ਗਈ ਸੀ। ਕਹਿੰਦੇ ਹਨ ਕਿ ਕਿਸੇ ਚੀਜ ਦਾ ਬੀਜ ਨਾਸ਼ ਨਹੀਂ ਹੁੰਦਾ, ਪੁਰਾਣੇ ਬੀਜਾਂ ਦੇ ਪੁਗਰਣ ਨਾਲ ਦੁਬਾਰਾ ਦਰਖਤ ਹੋ ਜਾਂਦੇ ਹਨ। ਇਹ ਸਹੀ ਗੱਲ ਹੈ। ਬਹੁੱਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ, ਫਾਊਂਡੇਸ਼ਨਾਂ ਹਨ, ਜਿਹੜੀਆਂ ਆਪਣੀ ਵਿਰਾਸਤ ਨੂੰ ਪ੍ਰਫੁਲਤ ਕਰਨ ਲਈ ਯਤਨਸ਼ੀਲ ਹਨ। ਬਹੁੱਤ ਸਾਰੇ ਅਜਿਹੇ ਇਨਸਾਨ ਹੁੰਦੇ ਹਨ ਜਿਨ੍ਹਾਂ ਦੇ ਮਨ ਵਿੱਚ ਆਪਣੇ ਵਿਰਸੇ ਪ੍ਰਤੀ ਅਥਾਹ ਪਿਆਰ ਸਤਿਕਾਰ ਹੁੰਦਾ ਹੈ ਉਹ ਆਪਣੇ ਵਿਰਾਸਤ ਦੀਆਂ ਨਿਆਮਤਾਂ ਨੂੰ, ਸੌਗਾਤਾਂ ਨੂੰ ਸੰਭਾਲਣ ਲਈ, ਉਨ੍ਹਾ ਨੂੰ ਪ੍ਰਫੁਲਤ ਕਰਨ ਲਈ ਹਮੇਸ਼ਾ ਯਤਨ ਸ਼ੀਲ ਰਹਿੰਦੇ ਹਨ। ਅਜਿਹੀਆਂ ਹੀ ਸੰਸਥਾਵਾਂ ਅਤੇ ਫਾਉਡੇਸ਼ਨਾਂ ਨੇ ਪੰਜਾਬੀ ਵਿਰਸਤ ਦੇ ਅਨਿਖੜਵੇਂ ਅੰਗ 'ਤੀਆਂ' ਨੂੰ ਦੁਬਾਰਾ ਲਗਾਉਣ ਦੀ ਕੋਸ਼ਿਸ ਕੀਤੀ।

ਬਹੁਤੀ ਜਗ੍ਹਾ ਤੇ ਤਾਂ 'ਤੀਆਂ' ਦਾ ਰੂਪ ਰੰਗ ਬਦਲ ਗਿਆ। 'ਤੀਆਂ' ਦੇ ਨਾਮ ਤੇ ਸ਼ੋਰ-ਸ਼ਰਾਬੇ ਵਾਲੇ ਡੀ.ਜੇ. ਰਾਹੀਂ ਪ੍ਰਦੂਸ਼ਨ ਫੈਲਾਇਆ ਜਾਣ-ਲੱਗਿਆ। 'ਤੀਆਂ' ਦੇ ਤਿਉਹਾਰ ਨੂੰ ਵਿਆਹ-ਸ਼ਾਦੀਆਂ ਤੇ ਪਾਰਟੀਆਂ ਦਾ ਰੂਪ ਦੇ ਦਿੱਤਾ ਜਾਣ ਲੱਗਾ ਪਰ ਉਹੀ ਗੱਲ ਕਿ ਕਿਸੇ ਚੀਜ ਦਾ ਬੀਜ ਨਾਸ਼ ਨਹੀਂ ਹੁੰਦਾ, ਜਿਥੇ ਵਿਰਾਸਤ ਨੂੰ ਵਿਗਾੜਣ ਵਾਲੇ ਲੋਕ ਹਨ ਉਥੇਂ ਆਪਣੀ ਵਿਰਾਸਤ ਕਾਇਮ ਰੱਖਣ ਵਾਲੇ ਇਨਸਾਨ ਵੀ ਮੋਜੂਦ ਹਨ ਜਿਨ੍ਹਾਂ ਦੇ ਯਤਨਾਂ ਸਦਕਾ 'ਤੀਆਂ' ਦਾ ਵਿਗੜਿਆ ਰੂਪ ਦੁਬਾਰਾ ਸੁਧਰਨ ਲੱਗਾ ਹੈ ਅੱਜ-ਕੱਲ੍ਹ ਕਈ ਪਿੰਡਾਂ ਸ਼ਹਿਰਾਂ ਵਿੱਚ ਦੁਬਾਰਾ ਉਹੀ ਪੁਰਾਤਨ ਤੀਆਂ ਵੇਖਣ ਨੂੰ ਮਿਲਿਆਂ ਹਨ।

ਬੀਤੇ ਮਹੀਨਿਆਂ ਦੌਰਾਨ ਹੜ੍ਹਾਂ ਵਿੱਚ ਰੁੜ ਗਏ ਲੋਕ ਅਤੇ ਉਨ੍ਹਾਂ ਦੇ ਘਰ-ਬਾਰ। ਜਿਹੜੇ ਲੋਕ ਪੁਨਰ-ਵਾਸ ਲਈ ਜੱਦੋ ਜਹਿਦ ਕਰ ਰਹੇ ਹਨ ਉਨ੍ਹਾਂ ਲਈ ਕਾਹਦੀਆਂ 'ਤੀਆਂ'! ਚਿੱਟੇ ਨਾਲ ਮਰ ਰਹੇ ਨੌ-ਜਵਾਨਾਂ ਦੇ ਮਾਪਿਆਂ ਲਈ ਕਾਹਦੀਆਂ 'ਤੀਆਂ'! ਜਿਨ੍ਹਾਂ ਦੇ ਸੁਹਾਗ ਉਜੜ ਗਏ ਉਨ੍ਹਾਂ ਲਈ ਕਾਹਦੀਆਂ 'ਤੀਆਂ'! ਜਿਨ੍ਹਾਂ ਕੁੜੀਆਂ ਦੇ ਜਵਾਨ ਵੀਰ ਸਰੀਰ ਵਿੱਚ ਖੁੱਬਿਆਂ ਸੰਰਿੰਜਾਂ ਨਾਲ ਮਿਲੇ ਉਨ੍ਹਾਂ ਲਈ ਕਾਹਦੀਆਂ 'ਤੀਆਂ'! ਅਜਿਹੇ ਮਾਹੋਲ ਵਿੱਚ ਤਾਂ ਤੀਆਂ ਲਗਾਉਂਦੇ ਵੀ ਸ਼ੋਭਾ ਨਹੀਂ ਦਿੰਦੇ। ਸਰਕਾਰ ਚਾਹੇ ਨਸ਼ਾ ਖਤਮ ਕਰਨ ਦੇ ਲੱਖ ਦਾਅਵੇ ਕਰੀ ਜਾਵੇ ਪਰ ਨਿੱਤ ਚਿੱਟੇ ਨਾਲ ਮਰਦੇ ਨੌ-ਜਵਾਨ ਸਰਕਾਰ ਦੀ ਕਾਰਗੁਜਾਰੀ ਤੇ ਪ੍ਰਸ਼ਨ ਚਿੰਨ ਤਾਂ ਹੈ ਹੀ।

ਸਿਆਸੀ ਲੋਕ ਆਪਣੀ ਵੋਟ ਬੈਂਕ ਲਈ ਅਤੇ ਆਪਣਾ ਰੁਤਬਾ ਵਿਖਾਉਣ ਲਈ ਤੀਆਂ ਲਗਵਾਉਣ ਵਰਗੇ ਅਜਿਹੇ ਕਾਰਜ ਕਰੀ ਜਾ ਰਹੇ ਹਨ ਪਰ ਅਜਿਹੇ ਮਾਹੌਲ ਵਿੱਚ ਸੋਭਦੇ ਹੀ ਨਹੀਂ। ਚਲੋ! ਉਨ੍ਹਾਂ ਦੀ ਮਰਜੀ। ਤੀਆਂ ਦੇ ਪ੍ਰੋਗਰਾਮ ਕਰਵਾਉਣ ਵਾਲਿਆਂ ਨੇ ਤਾਂ ਕਰਵਾ ਦਿੱਤੇ ਆਉਣ ਵਾਲਿਆਂ ਨੂੰ ਵੀ ਸਮਝ ਚਾਹੀਦੀ ਹੈ।


International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 Year 8 Edition 05 Issue Date 10-08-2023

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੈਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਵਿਸ਼ੇਸ਼ ਪ੍ਰਤੀਨਿਧ (ਕੈਨੇਡਾ) : ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ




ਵਿਸ਼ੇਸ਼ ਨੋਟ: 'ਮਹਿਕ ਵਤਨ ਦੀ ਲਾਈਵ' ਬਿਓਰੋ ਦਾ ਕਿਸੇ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਪੱਤਰਕਾਰੀ ਦੇ ਸਿਧਾਤ ਦੇ ਉਲਟ ਚੱਲਦੇ ਹੋਏ ਸਿੱਧੇ ਤੌਰ ਤੇ ਸਿਆਸੀ ਪਾਰਟੀਆ ਵਿੱਚ ਭਾਗ ਲੈਣ ਵਾਲੇ ਸਾਰੇ ਪੱਤਰਕਾਰਾਂ / ਪ੍ਰਤੀਨਿਧਾ ਨੂੰ ਬਿਓਰੋ ਵੱਲੋਂ ਬਰਖਾਸਤ ਕੀਤਾ ਜਾਂਦਾ ਹੈ। -ਮੁੱਖ ਸੰਪਾਦਕ



GURU NANAK
LIBRARY

ऑनलाईन फार्म | एडमिशन फार्म | रिजल्ट
पासपोर्ट | पैन कार्ड | लैमिनेशन

यहां पर सभी प्रकार के Competition से Related Books मार्किट से सस्ते रेटों पर मिलती है।

यहां पर IGNOU, के सभी प्रकार के फार्म भरने की सुविधा है।

99929-99115
onlinesolution811@gmail.com

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।



## ਧਰਮ ਤੇ ਵਿਰਸਾ

# ਕੋਈ ਵੀ ਚੀਜ਼ ਕੀਰਤਨ ਦੀ ਆਵਾਜ਼ ਵਿੱਚ ਰੁਕਾਵਟ ਨਾ ਪਾਵੇ ਨੂੰ ਧਿਆਨ ਵਿੱਚ ਰੱਖ ਕੇ ਹਰਿਮੰਦਰ ਸਾਹਿਬ ਦੇ ਭਵਨ ਨਿਰਮਾਣ ਦੀ ਸਿਰਜਨਾ ਹੋਈ

ਗਿਆਨੀ ਹਰਬੰਸ ਸਿੰਘ ਤੇਗ

ਕੋਈ ਵੀ ਚੀਜ਼ ਕੀਰਤਨ ਦੀ ਆਵਾਜ਼ ਵਿੱਚ ਰੁਕਾਵਟ ਨਾ ਪਾਵੇ ਨੂੰ ਧਿਆਨ ਵਿੱਚ ਰੱਖ ਕੇ ਹਰਿਮੰਦਰ ਸਾਹਿਬ ਦੇ ਭਵਨ ਨਿਰਮਾਣ ਦੀ ਸਿਰਜਨਾ ਹੋਈ

ਅੱਜ ਤੋਂ ਲਗਪਗ ਸਾਢੇ ਚਾਰ ਸੌ ਸਾਲ ਪਹਿਲੇ ਜਿਸ ਵਕਤ ਹਰਿਮੰਦਰ ਸਾਹਿਬ ਦੀ ਸਿਰਜਨਾ ਹੋਈ ਸੀ। ਉਸ ਸਮੇਂ ਆਵਾਜ਼ ਨੂੰ ਉੱਚਾ ਕਰਨ ਲਈ ਲਾਊਡ ਸਪੀਕਰ ਆਦਿ ਨਹੀਂ ਹੁੰਦੇ ਸਨ। ਮਨੁੱਖ ਆਪਣੀ ਗੱਲ ਨੂੰ ਦੂਜਿਆਂ ਤਕ ਪਹੁੰਚਾਣ ਲਈ ਆਪਣੇ ਗਲੇ ਦੇ ਜ਼ੋਰ 'ਤੇ ਹੀ ਨਿਰਭਰ ਕਰਦਾ ਸੀ। ਗੁਰੂ ਅਰਜਨ ਸਾਹਿਬ ਨੇ ਜਦ 500 ਫੁਟ ਲੰਮੇ ਤੇ 490 ਫੁਟ ਚੌੜੇ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਸਾਹਿਬ ਦੀ ਸਾਜਨਾ ਕੀਤੀ ਤਾਂ ਉਨ੍ਹਾਂ ਨੇ ਜਿਥੇ ਇਸ ਅਦਭੁਤ ਅਸਥਾਨ ਦੇ ਕਈ ਹੋਰ ਪਹਿਲੂਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਉਥੇ ਇਸ ਗੱਲ ਨੂੰ ਵੀ ਧਿਆਨ 'ਚ ਰਖਿਆ ਕਿ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਬਾਹਰ ਲਗਦੀ ਪਰਕਰਮਾ ਵਿਚ ਬੈਠੀ ਸੰਗਤ ਤੋਂ ਇਲਾਵਾ ਜੇ ਹੋ ਸਕੇ ਤਾਂ ਸਰੋਵਰ ਦੇ ਕੰਢਿਆਂ ਤੇ ਬੈਠੇ ਸ਼ਰਧਾਲੂ ਵੀ ਕੀਰਤਨ ਦੀ ਆਵਾਜ਼ ਪਹੁੰਚ ਸਕੇ।

ਇਸ ਲਈ ਉਨ੍ਹਾਂ ਨੇ ਧੁਨੀ ਸਿਸਟਮ ਦੀ ਮਹਾਨਤਾ ਨੂੰ ਮੁੱਖ ਰਖਦਿਆਂ ਹੋਇਆਂ ਹਰਿਮੰਦਰ ਭਵਨ ਨਿਰਮਾਣ ਨੂੰ ਉਸ ਦੇ ਬਿਲਕੁਲ ਅਨੁਕੂਲ ਬਣਾਇਆ। ਭਵਨ ਦੀ ਉਚਾਈ ਬਾਰੀਆਂ ਦਰਵਾਜ਼ਿਆਂ ਦੀ ਲੰਬਾਈ ਚੌੜਾਈ ਤੇ ਉਚਾਈ ਦਾ ਧੁਨੀ ਤਕਨੀਕ ਦੇ ਪਖੋਂ ਪੂਰਾ ਪੂਰਾ ਹਿਸਾਬ ਰੱਖਿਆ ਗਿਆ। ਇਕ ਦਿਵਾਰ ਦਾ ਦੂਜੀ ਦੀਵਾਰ ਤੋਂ ਫਾਸਲਾ ਇਤਨਾ ਹੀ ਰਖਿਆ ਗਿਆ ਕਿ ਕੋਈ ਵੀ ਚੀਜ਼ ਕੀਰਤਨ ਦੀ ਆਵਾਜ਼ ਵਿੱਚ ਰੁਕਾਵਟ ਨਾ ਪਾਵੇ ਨਾ ਤਾਂ ਇਮਾਰਤੀ ਢਾਂਚੇ ਕਾਰਨ ਆਵਾਜ਼ ਫਟੇ ਨਾ ਹੀ ਗੂੰਜੇ ਸਗੋਂ ਹੋਰ ਮੁਲਾਇਮ ਹੋਕੇ ਵਧੇਰੇ ਸੁਰੀਲੀ ਹੋ ਜਾਵੇ। ਇਹ ਸਾਰਾ ਕਾਰਜ ਆਪਣੇ ਆਪ ਵਿਚ ਬਹੁਤ ਤਕਨੀਕੀ ਪ੍ਰਕਾਰ ਦਾ ਸੀ। ਸਰੋਤਿਆਂ ਨੂੰ ਇਵੇਂ ਮਹਿਸੂਸ ਹੁੰਦਾ ਸੀ ਕਿ ਇਲਾਹੀ ਬਾਨੀ ਦੇ ਮਨਮੋਹਕ ਕੀਰਤਨ ਦੀਆਂ ਧੁਨਾਂ ਆਕਾਸ਼ੋਂ ਉਤਰ ਕੇ ਵਾਤਾਵਰਣ ਨੂੰ ਰੱਬੀ ਪਿਆਰ ਨਾਲ ਭਰ ਰਹੀਆਂ ਹਨ। ਗੁਰੂ ਅਰਜਨ ਦੇਵ ਜੀ ਖੁੱਦ ਵੀ ਕੀਰਤਨ ਕਰਕੇ ਇਲਾਹੀ ਰੰਗ ਬੰਨ ਦੇਂਦੇ ਸਨ। ਉਨ੍ਹਾਂ ਨਾਲ ਜੋੜੀ ਤੇ ਸੰਗਤ ਭਾਈ ਗੁਰਦਾਸ ਜੀ ਕਰਦੇ ਸਨ ਅਤੇ ਬਾਬਾ ਬੁੱਢਾ ਜੀ ਰਬਾਬ ਵਜਾਉਂਦੇ ਸਨ। ਗੁਰੂ ਅਰਜਨ ਦੇਵ ਜੀ ਦੇ ਜੀਵਨ ਕਾਲ ਵਿਚ 7 ਕੀਰਤਨੀ ਜੱਥਿਆ ਵਿੱਚੋਂ 6 ਮੁਸਲਮਾਨ ਰਬਾਬੀ ਦਰਬਾਰ ਸਾਹਿਬ ਕੀਰਤਨ ਦੀ ਸੇਵਾ ਨਿਭਾਉਦੇਂ ਸਨ। ਸੰਨ 1900 ਦੇ ਆਸ ਪਾਸ 15 ਕੀਰਤਨੀ ਜਥੇ ਕੀਰਤਨ ਦੀ ਸੇਵਾ ਨਿਭਾਉਂਦੇ ਹੁੰਦੇ ਸਨ। ਕਹਿਦੇ ਹਨ ਜਦ ਭਾਈ ਮਨਸ਼ਾ ਸਿੰਘ ਜੀ ਕੀਰਤਨ ਕਰਦੇ ਸਨ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਨੇਤਰ ਗੁਰੂ ਦੇ ਸਤਿਕਾਰ ਵਿਚ ਨਮ ਹੋ ਜਾਂਦੇ ਸਨ। ਉਹ ਕੀਰਤਨ ਨੂੰ ਆਪਨੇ ਪ੍ਰਭੂ ਨਾਲ ਸੁਰ ਮਈ ਗੱਲਾਂ ਕਰਨ ਸਮਾਨ ਸਮਝਦੇ ਸਨ। ਦਰਬਾਰ ਸਾਹਿਬ ਦੇ ਕੀਰਤੀਏ ਵਡੇ ਵਡੇ ਸਰਦਾਰਾਂ ਦੀਆ ਹਵੇਲੀਆਂ ਵਿੱਚ ਕੀਰਤਨ ਕਰਨ ਦੀਆਂ ਪੇਸ਼ਕਸ਼ਾਂ ਇਹ ਕੇ ਠੁਕਰਾ ਦਿੰਦੇ ਕਿ ਉਹ ਤਾਂ ਦਰਬਾਰ ਸਾਹਿਬ ਵਿਚ ਹੀ ਆਪਣਾ ਗਲਾ ਖੋਲਣਗੇ। ਉਨਾਂ ਦੀ ਇਸ ਅਸਥਾਨ ਦੇ ਜਸ ਗਾਇਣ ਕਰਨ ਲਈ ਹੀ ਬੈ ਹੋਈ ਪਈ ਹੈ। ਇਕ ਦਿਨ ਸੰਗਤਾਂ ਨੇ ਮਹਾਰਾਜੇ ਨੂੰ ਸਹਿਜ ਸੁਭਾਏ ਇਹ ਕਿਹਾ ਕਿ ਭਾਈ ਮਨਸ਼ਾ ਸਿੰਘ ਵਰਗਾ ਰਾਗੀ ਹੋਣਾ ਬੜੀ ਮਹਾਨ ਗੱਲ ਹੈ ਪਰ ਉਸ ਉੱਤੇ ਗਰੀਬੀ ਦਾ ਬੋਝ ਹੈ। ਜਿਸ ਕਾਰਣ ਉਹ ਸਖਤ ਮੰਦਹਾਲੀ ਵਿੱਚ ਜੀਵਨ ਬਤੀਤ ਕਰ ਰਿਹਾ ਹੈ। ਮਹਾਰਾਜੇ ਨੇ ਜਦ ਇਹ ਗੱਲ ਸੁਣੀ ਤਾਂ ਉਸੇ ਵਕਤ ਭਾਈ ਮਨਸ਼ਾ ਸਿੰਘ ਦੇ ਅਰ ਪਹੁੰਚ ਗਿਆ ਦਰਵਾਜਾ ਖੜਕਾਣ ਤੇ ਮਨਸ਼ਾ ਸਿੰਘ ਨੂੰ ਦਸਿਆ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਉਸਦੀ ਮੱਦਦ ਕਰਨ ਲਈ ਆਇਆ ਹੈ। ਮਨਸ਼ਾ ਸਿੰਘ ਨੇ ਬੂਹਾ ਨਾ ਖੋਲਿਆ ਅਤੇ ਅਦਰੋਂ ਹੀ ਬੜੇ ਨਿਮਰ ਨਾਲ ਮਹਾਰਾਜੇ ਦਾ ਧੰਨਵਾਦ ਕਰ ਦਿੱਤਾ। ਮਹਾਰਾਜੇ ਨੇ ਤੁਰੰਤ ਅਨੁਮਾਨ ਲਗਾ ਲਿਆ ਕਿ ਗੁਰੂ ਦੀ ਸ਼ਰਨ ਵਿੱਚ ਜੀਂਦਾ ਮਨੁੱਖ ਅੰਦਰੋਂ ਬਾਹਰੋਂ ਕਿਤਨਾ ਰੱਜਿਆ ਹੋਇਆ ਅਤੇ ਤ੍ਰਿਪਤੀ ਹੁੰਦਾ ਹੈ।



ਇਕ ਵਾਰ ਰਬਿੰਦਰ ਨਾਥ ਟੈਗੋਰ ਨੇ ਦਰਬਾਰ ਸਾਹਿਬ ਭਾਈ ਸੁੰਦਰ ਸਿੰਘ ਦਾ ਕੀਰਤਨ ਸੁਣਿਆ ਤਾਂ ਉਹ ਕੀਰਤਨ ਦਾ ਦਿਵਾਨਾ ਹੋ ਗਿਆ । ਉਸਨੇ ਭਾਈ ਸੁੰਦਰ ਜੀ ਨੂੰ ਬੇਨਤੀ ਕੀਤੀ ਕਿ ਉਹ ਉਸਦੀ ਠਹਿਰ ਵਾਲੀ ਥਾਂ ਤੇ ਆਕੇ ਕੁਝ ਸਮਾਂ ਕੀਰਤਨ ਸੁਣਾ ਜਾਵੇ ਪਰ ਭਾਈ ਸਾਹਿਬ ਨੇ ਕਹਿ ਭੇਜਿਆ ਕਿ ਜੇਕਰ ਟੈਗੋਰ ਨੇ ਸੁੰਦਰ ਸਿੰਘ ਦਾ ਕੀਰਤਨ ਸਣਨਾ ਹੈ ਤਾ ਉਸਨੂੰ ਦਰਬਾਰ ਸਾਹਿਬ ਹੀ ਆਣਾ ਪਵੇਗਾ। ਬੰਗਾਲ ਵਾਪਿਸ ਜਾਣ ਲਗਿਆ ਉਸ ਨੇ ਕਿਹਾ ਕਿ ਜੇਕਰ ਭਾਈ ਸੁੰਦਰ ਸਿੰਘ ਦਰਬਾਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਾ ਕਰਦੇ ਹੁੰਦੇ ਤਾਂ ਮੈਂ ਇਹਨਾਂ ਨੂੰ ਚੁੱਕ ਕੇ ਅਪਣੇ ਨਾਲ ਲੈ ਜਾਂਦਾ। ਹੁਣ ਦਰਬਾਰ ਸਾਹਿਬ ਅਤਿ ਆਧੁਨਿਕ ਧੁਨੀ ਸਿਸਟਮ ਫਿਟ ਹੈ ਜਿਹੜਾ ਹੋਲੀ ਜਿਹੀ ਆਵਾਜ਼ ਨੂੰ ਬੜਾ ਸੂਖਮ ਮੁਲਿਇਮ ਤੇ ਸੁਰੀਲਾ ਬਣਾ ਕੇ ਸਾਰੇ ਪਰੀਸਰ ਵਿਚ ਇਵੇਂ ਖਿੰਡਾ ਦਿੰਦਾ ਹੈ ਜਿਵੇ ਹਵਾ ਦਾ ਇਕ ਝੌਂਕਾਂ ਫੁੱਲਾਂ ਦੀ ਮਹਿਕ ਨੂੰ ਸਭ ਪਾਸੇ ਖਿਲਾਰ ਦਿੰਦਾ ਹੈ। ਜਿਨਾਂ ਸੰਗਤਾਂ ਨੇ ਅਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦੇ ਦਰਬਾਰ ਸਾਹਿਬ ਵੱਲ ਪਧਾਰਨ ਦੇ ਨਜਾਰੇ ਦੇ ਦਰਸ਼ਨ ਕੀਤੇ ਨੇ ਉਨਾਂ ਨੂੰ ਪਤਾ ਹੋਵੇਗਾ ਕਿ ਪਾਲਕੀ ਸਾਹਿਬ ਦੇ ਅੱਗੇ ਇਕ ਨੌਜਵਾਨ ਸ਼ਰਧਾਵਾਨ ਸਿੰਘ ਪੂਰੇ ਜ਼ੋਰ ਨਾਲ ਨਰਸਿੰਘਾ ਵਜਾਂਦਾ ਹੈ। ਜਦ ਉਸਦੇ ਨਰਸਿੰਘੇ ਦੀ ਆਵਾਜ਼ ਹਰਿਮੰਦਰ ਸਾਹਿਬ ਦੀਆਂ ਦਿਵਾਰਾਂ ਨਾਲ ਛੂੰਹਦੀ ਹੈ ਤਾਂ ਵਿਸਮਾਦੀ ਰੰਗ ਬੰਨ ਦਿੰਦੀ ਹੈ। ਇਵੇਂ ਲਗਦਾ ਹੈ ਕਿ ਪ੍ਰਮਾਤਮਾ ਖੁਦ ਗੁਰੂ ਗੰਥ ਸਾਹਿਬ ਜੀ ਦੇ ਸਤਿਕਾਰ ਵਿਚ ਆਪ ਆਕਾਸ਼ ਇਸ ਅਨਾਦੀ ਨਾਦ ਦਾ ਵਰਦਾਨ ਕਰ ਰਿਹਾ ਹੋਵੇ।

## ਹੀਰੇ ਦੇ ਨਾਲ ਨਾਲ ਕੋਹਿਨੂਰ ਵਰਗੀ ਸਹਿਜ਼ਾਦੀ ਵੀ ਖੁੱਸ ਗਈ ਸਿੱਖ ਕੌਮ ਤੋਂ

ਪੰਜਾਬੀਆਂ ਹੱਥੋਂ ਸਿਰਫ ਮਹਾਰਾਜਾ ਰਣਜੀਤ ਸਿੰਘ ਵਰਗਾ ਸ਼ਾਸ਼ਕ, ਉਹਨਾਂ ਦਾ ਸਮੁੱਚਾ ਪਰਿਵਾਰ ਜਾਂ ਕੋਹਿਨੂਰ ਹੀਰਾ ਹੀ ਨਹੀਂ ਖੁੱਸਿਆ ਸਗੋਂ ਕੋਹਿਨੂਰ ਹੀਰੇ ਵਰਗੀ ਉਹਨਾਂ ਦੀ ਪੁੱਤਰੀ ਸ਼ਹਿਜ਼ਾਦੀ ਸੋਫ਼ੀਆ ਵੀ ਇਤਿਹਾਸ ਦੇ ਪੰਨਿਆਂ ਉੱਪਰ ਪਈ ਗਰਦ ਨੇ ਸਿੱਖ ਕੌਮ ਤੋਂ ਪਰਦੇ ਪਿੱਛੇ ਛਿਪਾਈ ਰੱਖੀ ਹੈ। ਇਸ ਗੱਲ ਦਾ ਰੰਜ ਹਮੇਸ਼ਾ ਰਹੇਗਾ ਕਿ ਇਤਿਹਾਸਕਾਰਾਂ ਨੇ ਮਹਾਰਾਜਾ ਦਲੀਪ ਸਿੰਘ ਦੀ ਪੰਜਵੀਂ ਔਲਾਦ ਧੀ ਸੋਫ਼ੀਆ ਵਰਗੀ ਕਰਾਂਤੀਕਾਰੀ ਕੁੜੀ ਨੂੰ ਲੋਕਾਂ ਨਾਲ ਰੂਬਰੂ ਨਹੀਂ ਕਰਵਾਇਆ।



1876 ਵਿੱਚ ਇੰਗਲੈਂਡ ਚ ਜੰਮੀ ਪਲੀ ਸੋਫੀਆ ਜਵਾਨੀ ਦੀ ਦਹਿਲੀਜ਼ ਤੇ ਪੈਰ ਧਰ ਰਹੀ ਸੀ ਕਿ ਪੰਜਾਬ ਦੇ ਆਖਰੀ ਸ਼ਾਸ਼ਕ ਮਹਾਰਾਜਾ ਦਲੀਪ ਸਿੰਘ ਪੈਰਿਸ ਦੇ ਇੱਕ ਹੋਟਲ ਵਿੱਚ ਇਕੱਲੇ ਹੀ ਮੌਤ ਨਾਲ ਦੋ ਹੱਥ ਕਰਦੇ ਬਾਜ਼ੀ ਹਾਰ ਗਏ। ਸੋਫ਼ੀਆ ਨੂੰ ਮਹਾਰਾਣੀ ਵਿਕਟੋਰੀਆ ਦੀ ਧਰਮ ਧੀ ਹੋਣ ਦਾ ਮਾਣ ਸੀ ਅਤੇ ਉਹ ਪਹਿਲੀ ਔਰਤ ਸੀ ਜਿਸਨੂੰ ਬਿਨਾਂ ਰੋਕ ਸ਼ਾਹੀ ਦਰਬਾਰ ਚ ਜਾਣ ਦੀ ਇਜ਼ਾਜਤ ਸੀ। ਉਸਦੀ ਲਿਆਕਤ ਅਤੇ ਸਲੀਕੇ ਦਾ ਗੁਣ ਹੀ ਸਭ ਦਾ ਧਿਆਨ ਉਸ ਵੱਲ ਖਿੱਚਦਾ ਸੀ। ਉਸਦੀ ਜ਼ਿੰਦਗੀ ਵਿੱਚ ਆਪਣੇ ਪਰਿਵਾਰਕ ਪਿਛੋਕੜ ਬਾਰੇ ਜਾਨਣ ਦਾ ਮੌਕਾ 1903 ਵਿੱਚ ਆਇਆ ਜਦ ਉਹ ਦਿੱਲੀ ਦਰਬਾਰ ਅਤੇ ਬਾਦ 'ਚ ਲਾਹੌਰ ਗਈ।

ਆਪਣੇ ਦਾਦੇ ਦੇ ਰਾਜ ਭਾਗ ਬਾਰੇ ਜਾਨਣ ਤੇ ਉਸਨੇ ਮਹਿਸੂਸ ਕਰਨਾ ਸ਼ੁਰੂ ਕੀਤਾ ਕਿ ਉਹ ਅੰਗਰੇਜ਼ ਨਹੀਂ ਹੈ। ਉਸਨੂੰ ਜਦੋਂ ਕੋਹਿਨੂਰ ਹੀਰੇ ਤੱਕ ਦੇ ਬਰਤਾਨਵੀ ਹੱਥਾਂ ਚ ਜਾਣ ਬਾਰੇ ਪਤਾ ਲੱਗਾ ਤਾਂ ਇਸ ਉਪਰੰਤ ਉਸਦੇ ਵਿਚਾਰਾਂ ਵਿੱਚ ਧਾੜਕੂ ਤਬਦੀਲੀ ਆਈ। ਉਸਨੂੰ ਸ਼ਾਹੀ ਐਸ਼ੋ ਇਸ਼ਰਤ ਵਾਲੀ ਜ਼ਿੰਦਗੀ ਸੂਲਾਂ ਵਾਂਗ ਚੁਭਣ ਲੱਗੀ ਤੇ ਉਸਨੇ ਤੋਪਖਾਨੇ ਦੇ ਅਣਥੱਕ ਸਿਪਾਹੀਆਂ, ਸਮੁੰਦਰੀ ਜਹਾਜਾਂ ਤੇ ਸੇਵਾ ਨਿਭਾਉਂਦੇ ਸਿਪਾਹੀਆਂ ਦੇ ਰੈਣ ਬਸੇਰੇ ਬਨਾਉਣ ਲਈ ਖੈਰਾਤੀ ਕਾਰਜ ਆਰੰਭੇ ਤਾਂ ਜੋ ਉਹਨਾਂ ਲਈ ਧਨ ਇਕੱਠਾ ਕੀਤਾ ਜਾ ਸਕੇ। ਇਹਨਾਂ ਸਿਪਾਹੀਆਂ ਵਿੱਚ ਵਧੇਰੇ ਗਿਣਤੀ ਭਾਰਤੀਆਂ ਜਾਂ ਚੀਨੀ ਲੋਕਾਂ ਦੀ ਹੁੰਦੀ ਸੀ। ਆਪਣੀ ਪਿਤਾ ਪੁਰਖੀ ਧਰਤੀ ਦੀ ਖਿੱਚ ਉਸਨੂੰ ਮੁੜ 1907 ਵਿੱਚ ਭਾਰਤ ਲੈ ਆਈ।

ਰੇਡੀਓ ਤੇ ਟੈਲੀਵਿਜਨ ਪੱਤਰਕਾਰ ਅਨੀਤਾ ਆਨੰਦ ਵੱਲੋਂ ਰਚਿਤ ਪੁਸਤਕ "ਸੋਫੀਆ, ਪ੍ਰਿੰਸਿਸ, ਸਫਰਜੈੱਟ ਰੈਵੋਲਿਊਸ਼ਨਰੀ" ਚ ਇਹਨਾਂ ਸਭ ਗੁੱਝੇ ਭੇਦਾਂ ਦਾ ਵਰਨਣ ਬਾਖੂਬੀ ਕੀਤਾ ਹੈ। ਆਨੰਦ ਨੇ ਅੰਕਿਤ ਕੀਤਾ ਹੈ ਕਿ ਕਿਸੇ ਵੇਲੇ ਗੋਡਿਆਂ ਪਰਨੇ ਝੁਕ ਕੇ ਰਾਣੀ ਨੂੰ ਪ੍ਰਣਾਮ ਕਰਨ ਵਾਲੀ ਇਹ ਸ਼ਹਿਜ਼ਾਦੀ ਅਸਲੀਅਤ ਜਾਨਣ ਤੋਂ ਬਾਦ ਇਹ ਸੋਚਣ ਲੱਗ ਪਈ ਸੀ ਕਿ "ਅੰਗਰੇਜੀ ਰਾਜ ਦਾ ਸੂਰਜ ਕਿਵੇਂ ਅਸਤ ਹੋਵੇ?" ਭਾਰਤ ਦੇ ਆਜ਼ਾਦੀ ਜਸ਼ਨਾਂ ਤੋਂ ਇੱਕ ਸਾਲ ਬਾਦ ਇਸ ਜਹਾਨੋਂ ਰੁਖਸਤ ਹੋਈ ਸੋਫ਼ੀਆ ਇਹ ਸ਼ਿਕਵਾ ਲੈ ਕੇ ਤੁਰ ਗਈ ਕਿ ਇਤਿਹਾਸਕਾਰਾਂ ਨੇ ਉਸ ਨਾਲ ਪੂਰਨ ਇਨਸਾਫ ਨਹੀਂ ਕੀਤਾ।

-ਮਨਦੀਪ ਖੁਰਮੀ

## ਐਬਟਸਫੋਰਡ ਦਾ ਸਿੱਖ ਮਿਊਜ਼ੀਅਮ ਸਭ ਤੋਂ ਪ੍ਰਭਾਵਸ਼ਾਲੀ ਮਿਊਜ਼ੀਅਮਾਂ 'ਚ ਸ਼ਾਮਲ




ਐਬਟਸਫੋਰਡ ਮਿਊਜ਼ੀਅਮ ਖਾਲਸਾ ਦੀਵਾਨ ਸਸਾਇਟੀ ਦੀ ਪੁਰਾਣੀ ਬਿਲਡਿੰਗ ਹੈਰੀਟੇਜ਼ ਸਿੱਖ ਗੁਰਦੁਆਰਾ ਸਾਹਿਬ ਦੇ ਅੰਦਰ ਸਥਿਤ ਸਿੱਖ ਮਿਊਜ਼ੀਅਮ ਸਭ ਤੋਂ ਪ੍ਰਭਾਵਸ਼ਾਲੀ ਮਿਊਜ਼ੀਅਮਾਂ 'ਚ ਸ਼ਾਮਲ ਹੋ ਗਿਆ ਹੈ।

ਕੈਨੇਡਾ ਦੇ ਐਬਟਸਫੋਰਡ ਵਿਖੇ ਸਥਿਤ ਇਸ ਮਿਊਜ਼ੀਅਮ ਨੂੰ 2016 ਦੇ ਕੈਨੇਡਾ ਦੇ ਸਭ ਤੋਂ ਪ੍ਰਭਾਵਸ਼ਾਲੀ ਮਿਊਜ਼ੀਅਮ ਦੇ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। ਪਹਿਲੇ ਵਿਸ਼ਵ ਯੁੱਧ ਵਿਚ ਕੈਨੇਡੀਅਨ ਸਿੱਖਾਂ ਵੱਲੋਂ ਦਿੱਤੇ ਗਏ ਯੋਗਦਾਨ 'ਤੇ ਲਗਾਈ ਗਈ ਪ੍ਰਦਰਸ਼ਨੀ ਕਾਰਨ ਇਸ ਮਿਊਜ਼ੀਅਮ ਨੇ ਬੀ.ਸੀ. ਮਿਊਜ਼ੀਅਮ ਐਸੋਸੀਏਸ਼ਨ ਵੱਲੋਂ ਐਵਾਰਡ ਆਫ ਮੈਰਿਟ ਜਿੱਤਿਆ।

### ਲੇਖਕ ਸਹਿਬਾਨ ਨੋਟ ਕਰਨ

ਮਹਿਕ ਵਤਨ ਦੀ ਲਾਈਵ ਵੱਲੋਂ ਵੈਬਸਾਈਟ ਐਡੀਸ਼ਨ ਤੇ

**ਖੇਤੀ ਬਾੜੀ ਅਤੇ ਸਿਖਿਆ ਸੰਸਾਰ**

ਕਾਲਮ ਸ਼ੁਰੂ ਕੀਤਾ ਗਿਆ ਹੈ।

**ਖੇਤੀ ਬਾੜੀ ਅਤੇ ਸਿਖਿਆ ਸੰਸਾਰ ਨਾਲ ਸਬੰਧਤ ਮੈਂਟਰ ਹੇਠ ਦਿੱਤੇ ਈ-ਮੇਲ ਅਡਰੈਸ ਤੇ ਭੇਜ ਸਕਦੇ ਹੋ।**

chief_editor@mehakwatandilive.com
or mehakwattandi@rediffmail.com

## ਧਾਰਮਿਕ ਸਰਗਰਮੀਆਂ



# ਸੱਤਵੀਂ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤ ਕੇ ਆਏ ਖਿਡਾਰੀਆਂ ਦਾ ਮੋਗਾ ਪਹੁੰਚਣ ਤੇ ਭਰਵਾਂ ਸਵਾਗਤ



**ਮੋਗਾ/ ਮਵਦੀਲਾ ਬਿਓਰੋ**

ਗਵਾਹਟੀ (ਆਸਾਮ) ਵਿਖੇ ਹੋਈ ਸੱਤਵੀਂ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਗੱਤਕਾ ਟੀਮ ਵਿੱਚ ਖੇਡਦਿਆਂ ਮੋਗਾ ਤੇ ਪਿੰਡ ਡਾਲਾ ਦੇ ਖਿਡਾਰੀਆਂ ਨੇ 18 ਪ੍ਰਾਂਤਾ ਦੀਆਂ ਟੀਮਾਂ ਵਿੱਚੋਂ 4 ਗੋਲਡ ਮੈਂਡਲ ਅਤੇ 2 ਸਿਲਵਰ ਮੈਡਲ ਪ੍ਰਾਪਤ ਕਰਕੇ ਮੋਗਾ ਜਿਲ੍ਹੇ ਦਾ ਨਾਮ ਰੋਸ਼ਨ ਕੀਤਾ। ਇਸ ਚੈਂਪੀਅਨਸ਼ਿਪ ਵਿੱਚ ਮੀਰੀ ਪੀਰੀ ਗੱਤਕਾ ਆਖਾੜਾ ਮੋਗਾ ਤੇ ਸਿੱਖ ਫੁਲਵਾੜੀ ਵਿਕਾਸ ਗੁਰਮਤਿ ਕੇਂਦਰ ਡਾਲਾ ਦੇ ਇਨ੍ਹਾਂ ਖਿਡਾਰੀਆਂ ਧਰਮ ਪ੍ਰੀਤ ਸਿੰਘ, ਲਖਵੀਰ ਸਿੰਘ ਅਤੇ ਗੁਰਪ੍ਰੀਤ ਸਿੰਘ ਗੋਰਾ ਨੇ ਸੋਟੀ ਟੀਮ (ਈਵੈਂਟ ਅੰਡਰ -19) ਵਿੱਚ ਗੋਲਡ ਮੈਂਡਲ ਪ੍ਰਾਪਤ ਕੀਤਾ ਅਤੇ ਗੁਰਪ੍ਰੀਤ ਸਿੰਘ ਗੋਪੀ ਮੋਗਾ ਨੇ ਵਿਅਕਤੀਗਤ ਪ੍ਰਦਰਸ਼ਨ ਤੇ ਸੋਟੀ ਈਵੈਂਟ ਵਿਚ ਸਿਲਵਰ ਮੈਡਲ ਪ੍ਰਾਪਤ ਕੀਤਾ।

ਮੋਗਾ ਵਿਖੇ ਪਹੁੰਚ ਤੇ ਇਨ੍ਹਾਂ ਜੇਤੂ ਖਿਡਾਰੀਆਂ ਦਾ ਸਿਰੋਪਾਓ ਅਤੇ ਸਨਮਾਨ ਚਿੰਨ ਦੇ ਭਰਵਾਂ ਸਵਾਗਤ ਕੀਤਾ ਗਿਆ। ਇਨ੍ਹਾਂ ਜੇਤੂ ਖਿਡਾਰੀਆਂ ਨੂੰ ਮਹਾਰਾਜਾ ਜੱਸਾ ਸਿੰਘ ਜੀ ਰਾਮਗੜ੍ਹੀਆ ਚੌਂਕ ਕੋਟਕਪੂਰਾ ਬਾਈਪਾਸ ਤੋਂ ਲੈ ਕੇ ਗੁਰਦੁਆਰਾ ਨਾਮਦੇਵ ਭਵਨ ਤੱਕ ਢੋਲ ਦੇ ਨਾਲ ਭਰਮੇ ਇਕੱਠ ਵਿੱਚ ਨਤਮਸਤਕ ਹੋਣ ਲਈ ਲਿਜਾਇਆ ਗਿਆ। ਰਾਸਤੇ ਵਿੱਚ ਮਾਈਕਰੋ ਗਲੋਬਲ ਵੱਲੋਂ ਸ. ਚਰਨਜੀਤ ਸਿੰਘ ਝੰਡੇਆਣਾ ਨੇ ਇਨ੍ਹਾਂ ਖਿਡਾਰੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਗੁਰਦੁਆਰਾ ਸਾਹਿਬ ਵਿਖੇ ਇਨ੍ਹਾਂ ਖਿਡਾਰੀਆਂ ਦੀ ਜਿੱਤ ਦੀ ਖੁਸ਼ੀ ਵਿੱਚ ਸੁਕਰਾਨੇ ਦੀ ਅਰਦਾਸ ਕੀਤੀ ਗਈ। ਉਪਰੰਤ ਲੱਡੂ ਵੰਡੇ ਗਏ ਕੋਲਡ ਡਰਿੰਕ ਦੀ ਛਬੀਲ ਲਗਾਈ ਗਈ। ਗੁਰਦੁਆਰਾ ਸਾਹਿਬ ਦੇ ਇਸ ਸਮਾਗਮ ਵਿੱਚ 'ਮਹਿਕ ਵਤਨ ਦੀ ਫਾਉਡੇਸ਼ਨ' ਦੇ ਚੇਅਰਮੈਨ ਸ. ਭਵਨਦੀਪ ਸਿੰਘ ਪੁਰਬਾ, ਸਮਾਜ ਸੇਵਾ ਸੁਸਾਇਟੀ ਮੋਗਾ ਦੇ ਚੇਅਰਮੈਨ ਸ. ਗੁਰਸੇਵਕ ਸਿੰਘ ਸੰਨਿਆਸੀ, ਮਾਈਕਰੋ ਗਲੋਬਲ ਤੋਂ ਸ. ਚਰਨਜੀਤ ਸਿੰਘ ਝੰਡੇਆਣਾ, ਖਾਲਸਾ ਸੇਵਾ ਸੁਸਾਇਟੀ ਦੇ ਪ੍ਰਧਾਨ ਪਰਮਜੋਤ ਸਿੰਘ ਖਾਲਸਾ, ਕੁਲਦੀਪ ਸਿੰਘ ਕਲਸੀ, ਸਰਬਜੀਤ ਸਿੰਘ ਰੌਲੀ, ਜਸਵਿੰਦਰ ਸਿੰਘ, ਬਲਜਿੰਦਰ ਸਿੰਘ, ਪਰਮਜੀਤ ਸਿੰਘ ਮੂੰਡੇ, ਦਿਆਲ ਸਿੰਘ, ਗੁਰਪ੍ਰੀਤ ਸਿੰਘ ਕੰਬੋ, ਪ੍ਰਧਾਨ ਰਵਿੰਦਰ ਸਿੰਘ, ਹਰਦਿਆਲ ਸਿੰਘ, ਰਹਿਤਪ੍ਰੀਤ ਸਿੰਘ, ਗੁਰਜੰਟ ਸਿੰਘ, ਨਵਕਰਨ ਸਿੰਘ, ਹਰਸ਼ਪ੍ਰੀਤ ਸਿੰਘ, ਪ੍ਰਧਾਨ ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ ਡਾਲਾ, ਮਹਿੰਦਰ ਸਿੰਘ, ਪਰਮਵੀਰ ਸਿੰਘ ਗੋਰਾ, ਜਸਲੀਨ ਸਿੰਘ, ਚਰਨਪ੍ਰੀਤ ਸਿੰਘ, ਗੁਰਬਾਜ ਸਿੰਘ, ਬਲਜਿੰਦਰ ਸਿੰਘ, ਪਵਨਦੀਪ ਸਿੰਘ, ਵਰਿੰਦਰ ਸਿੰਘ ਆਦਿ ਨੇ ਮੁੱਖ ਤੌਰ ਤੇ ਸਮੂਲੀਅਤ ਕਰਕੇ ਖਿਡਾਰੀਆਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਸਮਾਗਮ ਉਪਰੰਤ ਇਨ੍ਹਾਂ ਖਿਡਾਰੀਆਂ ਨੂੰ ਮੀਰੀ ਪੀਰੀ ਗੱਤਕਾ ਆਖਾੜਾ ਮੋਗਾ ਤੇ ਸਿੱਖ ਫੁਲਵਾੜੀ ਵਿਕਾਸ ਗੁਰਮਤਿ ਕੇਂਦਰ ਡਾਲਾ ਵੱਲੋਂ ਭਰਵੇ ਇਕੱਠ ਵਿੱਚ ਆਪਣੇ ਪਿੰਡ ਡਾਲਾ ਵਿਖੇ ਲਿਜਾਇਆ ਗਿਆ ਜਿੱਥੇ ਪਿੰਡ ਵਾਸੀਆਂ ਵੱਲੋਂ ਇਨ੍ਹਾਂ ਦਾ ਭਰਵਾ ਸਵਾਗਤ ਕਰਦੇ ਹੋਏ ਸਿਰਪਾਓ, ਸਨਮਾਨ ਚਿੰਨ ਅਤੇ ਨਕਦ ਰਾਸ਼ੀ ਦੇ ਕੇ ਸਮਨਾਨਿਤ ਕਰਦੇ ਹੋਏ ਪਿੰਡ ਵਿੱਚ ਚੱਕਰ ਲਗਾਇਆ ਗਿਆ। ਦੇਰ ਰਾਤ ਤੱਕ ਸਾਰੇ ਪਿੰਡ ਵਿੱਚ ਖੁਸ਼ੀ ਦਾ ਮਾਹੋਲ ਬਣਿਆ ਰਿਹਾ।

**ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਪੜ੍ਹਨ ਲਈ ਕਲਿੱਕ ਕਰੋ:**
*www.mehakwatandilive.com*






# ਹੋਇਆ ਕੈਂਠੇ ਦਾ ਰਿਵਾਜ ਪੁਰਾਣਾ

**ਬਹਾਦਰ ਡਾਲਵੀ**
94172-35502

ਪੁਰਾਤਨ ਕਾਲ ਤੋਂ ਹੀ ਮਰਦ ਅਤੇ ਔਰਤਾਂ ਆਪਣੀ ਸਰੀਰਕ ਸਜਾਵਟ ਲਈ ਸੋਨੇ ਅਤੇ ਵੱਖ ਵੱਖ ਧਾਤਾਂ ਦੇ ਗਹਿਣਿਆਂ ਨੂੰ ਪਾਉਂਦੇ ਆਏ ਹਨ। ਮਰਦ ਭਾਵੇਂ ਗਹਿਣੀਆਂ ਦੇ ਘੱਟ ਸ਼ੌਕੀਨ ਹੁੰਦੇ ਹਨ, ਪਰ ਔਰਤਾਂ ਦਾ ਪਿਆਰ ਮਰਦਾਂ ਦੇ ਮੁਕਾਬਲੇ ਗਹਿਣਿਆਂ ਨਾਲ ਲੋਹੜੇ ਦਾ ਹੁੰਦਾ ਹੈ। ਸਿਰ ਤੋਂ ਲੈ ਕੇ ਪੈਰਾਂ ਤੱਕ ਉਹ ਆਪਣੇ ਅੰਗਾਂ ਨੂੰ ਸੋਨੇ ਜਾਂ ਬਨਾਵਟੀ ਗਹਿਣਿਆਂ ਨਾਲ ਸਜਾ ਕੇ ਆਪਣੇ ਰੂਪ ਵਿਚ ਢੇਰ ਵਾਧਾ ਕਰ ਲੈਂਦੀਆਂ ਹਨ। ਕੌਣ ਨਹੀਂ ਚਾਹੁੰਦਾ ਕਿ ਮੈਂ ਦੂਸਰਿਆਂ ਨੂੰ ਸੋਹਣਾ ਲੱਗਾ? ਤੇ ਫੇਰ ਸੋਨੇ ਦੇ ਗਹਿਣੇ ਪਾ ਕੇ ਤਾਂ ਜੋਬਨ ਨਵਾਂ ਨਕੋਰ ਲੱਗਣ ਲੱਗ ਪੈਂਦਾ ਹੈ। ਭਾਵੇਂਮ ੇਲਾਵ ੇਖਣਜ ਾਣਾਹ ੋਵੇਂਤ ੇਭ ਾਵੇਂ ਵਿਆਹ ਸ਼ਾਦੀ ਵਿਚ ਸ਼ਾਮਿਲ ਹੋਣਾ ਹੋਵੇਂ, ਸੋਨੇ ਦੇ ਗਹਿਣਿਆਂ ਦੀ ਝਲਕ ਹਰ ਕਿਸੇ ਦਾ ਦਿਲ ਮੋਹ ਲੈਂਦੀ ਹੈ। ਸੋਨਾ ਵੀ ਤਾਂ ਇਕ ਅਜਿਹੀ ਧਾਤ ਹੈ, ਜਿਸ ਉਪਰ ਜੰਗਾਲ ਆਦਿ ਦਾ ਬਿਲਕੁਲ ਅਸਰ ਨਹੀਂ ਹੁੰਦਾ। ਘਰ ਵਿਚ ਧੋ ਲਵੋ ਜਾਂ ਬਜ਼ਾਰ ਵਿਚੋਂ ਧਵਾ ਲਵੋਂਸ ੋਨੇਦ ੀਚ ਮਕਿ ਜਓੁਂਦ ੀਿ ਤਓੁਂ ਬਰਕਰਾਰ ਰਹਿੰਦੀ ਹੈ। ਬਹੁਤ ਧਨਾਢ ਲੋਕ ਸੋਨੇ ਦੇ ਗਹਿਣਿਆਂ ਵਿਚ ਹੀਰੇ ਜਾਂ ਮੋਤੀ ਆਦਿ ਦੇ ਨਗਾਂ ਦੀ ਵਰਤੋਂ ਵੀ ਕਰਦੇ ਹਨ। ਪਰ ਸੁੰਦਰਤਾ ਨੂੰ ਤੁਲਨਾ ਤਾਂ ਸੋਨੇ ਅਤੇ ਹੀਰੇਨ ਾਲਹ ੀਿ ਦੱਤੀਜ ਾਂਦੀਹ ੈਮ ਾਪੇ ਅਕਸਰ ਕਹਿੰਦੇ ਹਨ ਕਿ ਸਾਡਾ ਮੁੰਡਾ ਜਾਂ ਕੁੜੀ ਸੋਨੇ ਜਾਂ ਹੀਰੇ ਵਰਗੀ ਹੈ।

ਅਜੋਕੇ ਦੌਰ ਵਿਚ ਪੱਛਮੀ ਪ੍ਰਭਾਵ ਅਧੀਨ ਫੈਸ਼ਨ ਦਾ ਬੋਲ ਬਾਲਾ ਹੋਣ ਕਰਕੇ ਕਈ ਤਰ੍ਹਾਂ ਦੇ ਵੰਨ ਸਵੰਨੇ ਗਹਿਣੇ ਹੋਂਦ ਵਿਚ ਆ ਚੁੱਕੇ ਹਨ। ਸਿਰ, ਮੱਥਾ, ਨੱਕ, ਕੰਨ, ਗਰਦਨ, ਬਾਹਵਾਂ ਹੱਥਾਂ ਦੀਆਂ ਉਂਗਲਾਂ, ਪੈਰਾਂ ਅਤੇ ਪੈਰਾਂ ਦੀਆਂ ਉਂਗਲਾਂ ਤਕ ਇਹਨਾਂ ਤਕ ਇਹਨਾਂ ਨੂੰ ਸਜਾਉਣ ਲਈ ਗਹਿਣੇ ਪਹਿਨਦੀਆਂ ਹਨ। ਸਭ ਤੋਂ ਵੱਧ ਵਰਤੋਂ ਸੋਨੇ ਜਾਂ ਚਾਂਦੀ ਦੇ ਗਹਿਣਿਆਂ ਦੀ ਹੀ ਹੁੰਦੀ ਹੈ। ਲੇਕਿਨ ਸੋਨੇ ਦੇ ਮਹਿੰਗੇ ਹੋਣ ਕਾਰਨ ਗਰੀਬ ਲੋਕ ਵਿਆਹ ਸ਼ਾਦੀਆਂ ਅਤੇ ਮੇਲੇ ਤਿਉਹਾਰਾਂ ਮੌਕੇ ਬਨਾਉਟੀ ਗਹਿਣਿਆਂ ਦੀ ਵਰਤੋਂ ਕਰਕੇ ਆਪਣਾ ਚਾਅ ਪੂਰਾ ਕਰ ਲੈਂਦੇ ਹਨ।

ਆਧੁਨਿਕ ਸਮਾਜ ਦੀ ਉੱਨਤੀ ਦੇ ਨਾਲ ਹੀ ਪੁਰਾਤਨ ਗਹਿਣਿਆਂ ਦਾ ਰਿਵਾਜ ਖਤਮ ਹੋ ਗਿਆਂ ਹੈ। ਪੁਰਾਤਨ ਗਹਿਣਿਆਂ ਵਿਚੋਂ ਕੈਂਠਾ ਇਕ ਬਹੁਤ ਹੀ ਮਹੱਤਵਪੂਰਨ ਗਹਿਣਾ ਸਮਝਦਿਆ ਜਾਂਦਾ ਸੀ। ਮਰਦਾਂ ਦੇ ਗਲ਼ ਵਿਚ ਪਹਿਨਣ ਵਾਲਾ ਗਹਿਣਾ 'ਕੈਂਠਾ' ਔਰਤਾਂ ਦੇ ਪਹਿਨਣ ਵਾਲਾ ਗਹਿਣਾ 'ਕੈਂਠੀ' ਕਹਾਉਂਦਾ ਸੀ। ਕੈਂਠਾ, ਕੰਠ (ਭਾਵ ਗਲ਼) ਵਿਚ ਪਾਉਣ ਵਾਲਾ। ਇਸ ਨੂੰ ਹੈਂਕੜਾਂ (ਹਿੱਕ-ਛਾਤੀ) ਦਾ ਗਹਿਣਾ ਵੀ ਕਿਹਾ ਜਾਂਦਾ ਸੀ। ਹੈਂਕੜਾਂ ਸਿਰਫ ਵਾਰਸ ਸ਼ਾਹ ਨੇ ਹੀਰ ਰਾਂਝੇ ਦੇ ਕਿੱਸੇ ਵਿਚ ਹੀ ਵਰਤਿਆ ਹੈ। ਸਹਿਤੀ ਨੇ ਘਰ ਜਾ ਕੇ ਹੀਰ ਭਾਬੀ ਨੂੰ ਯੋਗੀ ਦੇ ਗਲ ਵਿਚ ਪਾਏ ਕੈਂਠੇ ਦੀ ਸਿਫਤ ਇੰਝ ਦਰਸਾਈ ਹੈ-

**ਘਰ ਜਾ ਨਣਾਨ ਨੇ ਗੱਲ ਕੀਤੀ,**
**ਭਾਬੀ ਯੋਗੀ ਇਕ ਨਵਾਂ ਆਇਆ ਨੀ।**
**ਕੰਨੀਂ ਉਸ ਦੇ ਦਰਸ਼ਨੀ ਮੁੰਦਰਾਂ ਨੀ,**
**ਗੱਲ ਹੈਂਕੜਾਂ ਖੂਬ ਸੁਹਾਇਆ ਨੀ,**

ਇਥੇ ਭਾਵੇਂ ਕੱਚ ਜਾਂ ਪੱਧਰ ਦੇ ਮਣਕਿਆਂ ਦੇ ਕੈਂਠੇ ਦੀ ਵਡਿਆਈ ਕੀਤੀ ਗਈ ਹੈ, ਜੋ ਯੋਗੀਆਂ ਦੇ ਗਲ਼ ਵਿਚ ਪਾਇਆ ਹੁੰਦਾ ਹੈ। ਲੈਕਿਨ ਉਹ ਵੀ ਬਹੁਤ ਕੀਮਤੀ ਪੱਥਰ ਦੇ ਮਣਕਿਆਂ ਦਾ ਕੈਂਠਾ ਹੁੰਦਾ ਸੀ। ਅੱਜ ਕੱਲ੍ਹ ਕੈਂਠਾ ਨਵੀਂ ਪੀੜ੍ਹੀ ਦੇ ਨਾਂ ਸੁਣਨ ਤੋ ਬਿਨਾਂ ਵੇਖਣ ਵਿਚ ਵੀ ਨਹੀਂ ਆਉਂਦਾ। ਬਜੁਰਗਾਂ ਦੇ ਪੁੱਛਣ ਤੋਂ ਹੀ ਪਤਾ ਲੱਗਦਾ ਹੈ ਕਿ ਲੱਗਭੱਗ ਚਾਲੀ ਪੰਜਾਹ ਸਾਲ ਪਹਿਲਾਂ ਵਿਆਦੜ ਮੁੰਡੇ ਨੂੰ ਦਾਜ ਦਹੇਜ ਵਿਚ ਕੈਂਠਾ ਪਾਉਣਾ ਅਤੇ ਕੁੜੀ ਨੂੰ ਵਰੀ ਨਾਲ ਕੈਂਠੀ ਢੋਣੀ ਹੁਣ ਦੇ ਦਾਜ ਦਹੇਜ ਦੇ ਬਰਾਬਰ ਮਹਨਤਾ ਰੱਖਦੇ ਸਨ।

ਉਸ ਸਮੇਂ ਸੋਨੇ ਦੀ ਕੀਮਤ ਮੁਤਾਬਕ ਕੈਂਠਾ ਭਾਵੇਂ ਢਾਈ ਤਿੰਨ ਸੌ ਰੁਪਏ ਵਿਚ ਹੀ ਬਣ ਜਾਂਦਾ ਸੀ। ਜੇ ਕੋਈ ਰੱਜਦਾ-ਪੁੱਜਦਾ ਆਦਮੀ ਆਪਣੀ ਕੁੜੀ ਦੇ ਦਾਜ ਵਿਚ ਵਿਆਂਦੜ ਨੂੰ ਚਾਰ-ਪੰਜ ਸੌ ਰੁਪਏ ਦਾ ਕੈਂਠਾ ਪਾ ਦਿੰਦਾ ਸੀ ਤਾਂ ਪਿੰਡ ਵਿਚ ਬੱਲੇ-ਬੱਲੇ ਹੋ ਜਾਂਦੀ ਸੀ। ਇੰਨੀ ਕੀਮਤ ਦਾ ਕੈਂਠਾ ਦਿਓਰ ਦੇ ਗਲ਼ ਵਿਚ ਪਾਇਆ ਵੇਖ ਵੱਡੀ ਭਰਜਾਈ ਬੜੇ ਫ਼ਖਰ ਨਾਲ ਕਹਿੰਦੀ ਸੀ-

**ਘੋੜੀ ਚੜ੍ਹਿਆ ਸੋਹਣਾ ਦੇਵਰ,**
**ਹੱਥ ਵਿਚ ਸੋਂਹਦਾ ਛਾਂਟਾ।**
**ਪੰਜ ਸੌ ਪੱਚੀਆਂ ਦਾ,**
**ਛੋਟੇ ਦਿਓਰ ਦਾ ਕੈਂਠਾ।**

ਭਾਵੇਂ ਚਾਰ-ਪੰਜ ਸੌ ਰੁਪਏ ਅੱਜ ਕੋਈ ਕੀਮਤਨ ਹੀਂਰ ੱਖਦੇ।ਪ ੰਜਾਬਦ ੇਲ ੋਕਾਂਨ ੇ ਤਰੱਕੀ ਦੀਆਂ ਮੰਜ਼ਿਲਾਂ ਨੂੰ ਹਰੇਕ ਖੇਤਰ ਵਿਚ ਛੋਹ ਲਿਆ ਹੈ। ਊਠਾਂ, ਘੋੜਿਆਂ, ਰੱਬਾਂ ਅਤੇ ਗੱਡਿਆਂ ਦੀ ਥਾਂ ਸਕੂਟਰਾਂ, ਮੋਟਰ ਸਾਈਕਲਾਂ, ਕਾਰਾਂ, ਜੀਪਾਂ ਆਦਿ ਨੇ ਲੈ ਲਈ ਹੈ। ਪਰ ਉਸ ਸਮੇਂ ਊਠ ਜਾਂ ਘੋੜੀ ਉੱਤੇ ਚੜ੍ਹਿਆ ਗੱਭਰੂ,



ਕੱਢਵੀ ਤਿੱਲੇਦਾਰ ਜੁੱਤੀ, ਧੂਵਾਂ ਚਾਦਰਾਂ, ਕਲੀਆਂ ਵਾਲਾ ਮਲਮਲ ਦਾ ਕੁੜਤਾ ਤੇ ਗਲ਼ੇ ਵਿਚ ਪਾਇਆ ਸੁਨਹਿਰੀ ਕੈਂਠਾ ਕਿਸੇ ਅਮੀਰ ਘਰਾਣੇ ਦੀਆਂ ਨਿਸ਼ਾਨੀਆਂ ਹੁੰਦੀਆਂ ਸਨ। ਕੈਂਠੇ ਵਾਲੇ ਸੋਹਣੇ ਗੱਭਰੂ ਦਿਓਰ ਨੂੰ ਵੇਖ ਕੇ ਮਨ ਵਿਚ ਝੂਰਦੀ ਭਰਜਾਈ ਇਹ ਕਹਿਣੋਂ ਨਹੀਂ ਰਹਿ ਸਕਦੀ-

**ਮਾਪਿਆਂ ਮੇਰੇ ਲੈ ਲਏ ਬਦਲੇ,**
**ਪਤੀ ਟੋਲਤਾ ਭੰਗੀ।**
**ਦਿਓਰ ਵੇ ਕੈਂਠੇ ਵਾਲਿਆ,**
**ਮੈਂ ਤੈਨੂੰ ਕਿਉਂ ਨਾ ਮੰਗੀ।**

ਪੰਜਾਬੀ ਲੋਕ ਬੋਲੀਆਂ ਵਿਚ ਵੀ ਕੈਂਠੇ ਦਾ ਜ਼ਿਕਰ ਹੋਇਆ ਮਿਲਦਾ ਹੈ। ਕੈਂਠਾ ਬਹੁਤ ਹੀ ਸੁੰਦਰ ਗੁਹਿਣਾ ਹੋਣ ਕਰਕੇ ਮਨ ਨੂੰ ਮੱਲੋ-ਮੱਲੀ ਖਿੱਚ ਪਾਉਂਦਾ ਸੀ। ਨੌਜਵਾਨ ਗੱਭਰੂਆਂ ਦੇ ਗਲ਼ ਪਾਏ ਕੈਂਠੇ ਨੂੰ ਵੇਖ ਕੇ ਨਵ-ਜੋਬਨ ਮੁਟਿਆਰਾਂ ਇਹ ਅਖਾਣ ਤੋਂ ਨਹੀਂ ਸੀ ਰਹਿ ਸਕਦੀਆਂ-

**ਸੁਣ ਵੇ ਮੁੰਡਿਆ ਕੈਂਠੇ ਵਾਲਿਆਂ,**
**ਦੂਰੋਂ ਪੈਣ ਚਮਕਾਰੇ।**
**ਇਕ ਚਿੱਤ ਕਰਦਾ ਵਿਆਹ ਕਰਵਾ ਲਾਂ,**
**ਦੂਜਾ ਡਰ ਦੁਨੀਆਂ ਦਾ ਮਾਰੇ।**

ਇਕ ਹੋ ਲੋਕ ਬੋਲ ਵਿਚ ਮੁਟਿਆਰ ਕੈਂਠੇ ਵਾਲੇ ਗਭਰੂ ਨੂੰ ਇੰਝ ਸੰਬੋਧਨ ਹੁਦੀ ਹੈ-

**ਸੁਣ ਵੇ ਮੁੰਡਿਆ ਕੈਂਠੇ ਵਾਲਿਆਂ**
**ਤੇਰਾ ਕੈਂਠਾ ਰੰਗਣ ਕੀਤਾ।**
**ਮੈਂ ਤਾਂ ਤੈਨੂੰ ਖੜੀ ਉਡੀਕਾਂ,**
**ਤੂੰ ਲੰਘ ਗਿਆ ਚੁੱਪ ਕੀਤਾ।**
**ਸੱਸੀ ਵਾਂਗਰ ਹੋ ਗਈ ਭੁੜਥਾ,**
**ਲਾ'ਤਾ ਜਿਗਰ ਪਲੀਤਾ।**
**ਜੋੜੀ ਨਹੀਂ ਬਣਦੀ,**
**ਪਾਪ ਜਿਨ੍ਹਾਂ ਦਾ ਕੀਤਾ.....।**

ਕੈਂਠੇ ਬਾਰੇ ਪੰਜਾਬੀ ਲੋਕ ਬੋਲੀਆਂ ਵਿਚ ਆਏ ਜ਼ਿਕਰ ਤੋਂ ਇਕ ਗੱਲ ਹੋਰ ਵੀ ਜ਼ਾਹਿਰ ਹੁੰਦੀ ਹੈ ਕਿ ਕੈਂਠਾ ਸਿਰਫ ਪੰਜਾਬ ਦੇ ਕਿਸੇ ਵਿਸ਼ੇਸ਼ ਖਿੱਤੇ ਤਕ ਹੀ ਸੀਮਤ ਨਹੀਂ ਸੀ ਰਿਹਾ, ਸਗੋਂ ਇਹ ਸਮੁੱਚੇ ਪੰਜਾਬੀਆਂ ਦਾ ਪ੍ਰਧਾਨ ਗਹਿਣਾ ਸੀ। ਕੈਂਠੇ ਦੇ ਸੁੰਦਰ ਮਣਕਿਆਂ ਦੀ ਬਣਤਰ ਪੰਜਾਬ ਵਿਚ ਤਪਾ, ਭਦੌੜ, ਹਠੂਰ, ਬੱਧਨੀ, ਕੋਟ ਈਸੇ ਖਾਂ, ਮੋਗਾ ਤੇ ਹੋਰ ਖਾਸ ਥਾਵਾਂ ਉੱਤੇ ਹੁੰਦੀ ਸੀ। ਮੋਗੇ ਦਾ ਘੜਿਆ ਮਣਕਾ ਵਿਸ਼ੇਸ਼ ਮਹਾਨਤਾ ਰੱਖਦਾ ਸੀ-

**ਰੜਕੇ, ਰੜਕੇ, ਰੜਕੇ,**
**ਤੂੰ ਚੰਨਾ ਪੱਟ ਦਾ ਲੱਛਾ,**
**ਮੈਂ ਵੀ ਨਿਕਲੀ ਕਬੂਤਰੀ ਬਣਕੇ।**
**ਕੈਂਠੇ ਦੀ ਦਮਕ ਪਵੇ,**
**ਜਦ ਤੁਰਦਾ ਤੂੰ ਹਿੱਕ ਤਣ ਕੇ।**
**ਮਾਹੀਏ ਦੇ ਕੈਂਠੇ ਵਿਚ,**
**ਮੋਗੇ ਸ਼ਹਿਰ ਦੇ ਮਣਕੇ।**

ਕੈਂਠੇ ਵਿਚ ਬਾਰਾਂ ਸੋਨੇ ਦੇ ਸੁੰਦਰ ਨਮੂਨੇ ਦੀ ਘਾੜਤ ਦੇ ਮਣਕੇ ਹੁੰਦੇ ਸਨ, ਜਿਨ੍ਹਾਂ ਵਿਚੋਂ ਕੈਂਠੇ ਦੀਆਂ ਦੋ ਪਿਛਲੀਆਂ ਲੜੀਆਂ ਨੂੰ ਵਧਾਉਣ ਘਟਾਉਣ ਲਈ ਦੋ ਮਣਕੇ ਸੁਰਾਹੀ ਵਰਗੇ ਹੁੰਦੇ ਸਨ, ਨੂੰ ਸੁਰਾਹੀਆਂ ਕਿਹਾ ਜਾਂਦਾ ਸੀ। ਪੁਰਾਤਨ ਗਹਿਣਿਆਂ ਦਾ ਜਿਉਂ-ਜਿਉਂ ਰਿਵਾਜ ਖਤਮ ਹੁੰਦਾ ਗਿਆ, ਤਿਉਂ-ਤਿਉਂ ਕੈਂਠੇ ਦੀ ਥਾਂ ਅੱਜ ਕੱਲ੍ਹ ਚੇਨੀ (ਜ਼ੰਜੀਰ) ਨੇ ਮੱਲ ਲਈ, ਤੇ ਪੰਜਾਬ ਦੀਆਂ ਮੁਟਿਆਰਾਂ ਨੇ ਇਹ ਗੱਲ ਕਹਿਣੀ ਸ਼ੁਰੂ ਕਰ ਦਿੱਤੀ-

**ਹੋਇਆ ਕੈਂਠੇ ਦਾ ਰਿਵਾਜ ਪੁਰਾਣਾ,**
**ਚੇਨੀ ਘੜਵਾ ਲੈ ਹਾਣੀਆਂ।**

## ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



### ਕੀ ਤੁਹਾਨੂੰ ਪਤਾ ਹੈ

# ਸਾਡਾ ਪੰਜਾਬੀ ਵਿਰਸਾ




012

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)

01. ਪੰਜਾਬੀ ਸਾਹਿਤ 16 ਵੀਂ ਸਦੀ ਵਿਚ ਸ਼ੁਰੂ ਹੋਇਆ।
02. ਕਾਗਜ ਤੇ ਲਿੱਖ ਜਦੋਂ ਕਿਸੇ ਨੂੰ ਕੋਈ ਸੁਨੇਹਾ ਭੇਜਿਆ ਜਾਦਾ ਹੈ ਉਸ ਕਾਗਜ ਨੂੰ 'ਚਿੱਠੀ' ਕਿਹਾ ਜਾਦਾ ਹੈ।



03. ਬੇਨਤੀ ਪੱਤਰ ਨੂੰ 'ਅਰਜੀ' ਕਹਿੰਦੇ ਹਨ?
04. ਸੁਨੇਹੇ ਜਾਂ ਸੰਦੇਸ਼ ਨੂੰ 'ਪੈਗਾਮ' ਕਿਹਾ ਜਾਂਦਾ ਹੈ।
05. 'ਲਾਜਮੀ' ਸ਼ਬਦ ਦਾ ਕੀ ਮਤਲਬ 'ਜਰੂਰੀ' ਹੈ।
06. ਕਿਸੇ ਚੀਜ ਦੀ ਜੜ੍ਹ ਜਾਂ ਬੁਨਿਆਦ ਨੂੰ 'ਮੂਲ' ਕਿਹਾ ਜਾਦਾ ਹੈ।
07. ਕੱਚੀ ਲਿਖਾਈ ਨੂੰ 'ਖਰੜਾ' ਕਿਹਾ ਜਾਂਦਾ ਹੈ।



08. ਦਰੁਸਤ ਮਤਲਬ ਸਹੀ ਜਾਂ ਠੀਕ।
09. ਸ਼੍ਰੋਮਣੀ ਮਤਲਬ ਸਿਰਮੌਰ ਜਾਂ ਸਭ ਤੋਂ ਖਾਸ ਸਭ ਤੋਂ ਉਪਰਲਾ ਅਹੁੰਦਾ।
10. ਸਿਖਰ ਦੇ ਵਿਅਕਤੀ, ਪੂਰੇ, ਪੱਕੇ ਬਹੁੱਤ ਹੀ ਜਿਆਦਾ ਗਿਆਨ ਵਾਲੇ ਇਨਸ਼ਾਨ ਨੂੰ 'ਕਾਮਲ' ਕਿਹਾ ਜਾਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ


E-mail: mehakwattandi@rediffmail.com, Help Line: (+91)-9988-92-9988

# ਦੇਸੀ ਮੰਜਿਆਂ ਨੂੰ ਮੀਂਹ ਵਿੱਚ ਪੈ ਜਾਂਦੀ ਸੀ ਕਾਣ

ਪੰਜਾਬ ਦੇ ਪੁਰਾਤਨ ਸਮਿਆਂ ਵਿੱਚ ਜਦੋਂ ਘਰਾਂ ਦੇ ਵਿੱਚ ਦੇਸੀ ਵਾਣ ਦੇ ਜਾਂ ਸੂਤ ਦੇ ਮੰਜੇ ਬੁਣੇ ਜਾਂਦੇ ਸਨ, ਓਨਾਂ ਨੂੰ ਬਣਵਾਉਣ ਦਾ ਕੰਮ ਵੀ ਪਿੰਡ ਦੇ ਤਰਖਾਣ ਤੋਂ ਹੀ ਕਰਵਾਇਆ ਜਾਂਦਾ ਸੀ।ਸੇਰੂ ਬਾਹੀਆਂ ਵਾਣ ਜਾਂ ਸੂਤ ਸ਼ਹਿਰੋਂ ਲਿਆਉਣਾ ਤੇ ਉਸ ਨੂੰ ਪਿੰਡ ਦੇ ਸੇਪੀ ਵਾਲੇ ਤਰਖਾਣ ਤੋਂ ਠੁਕਵਾ ਲੈਣਾ ਭਾਵ ਬਣਾ ਲੈਣਾ।ਉਸ ਤੋਂ ਬਾਅਦ ਮੰਜੇ ਦੇ ਇੱਕ ਸਾਈਡ ਭਾਵ ਦੌਣ ਵਾਲੇ ਪਾਸੇ ਮੱਲ ਪਾ ਕੇ ਵੱਟ ਚਾੜ੍ਹ ਕੇ ਉੱਤੇ ਕੱਪੜਾ ਲਪੇਟ ਕੇ ਸੇਰੂ ਦੇ ਵਿੱਚ ਅੜਾ ਦੇਣਾ ਤੇ ਬਾਹਰ ਦੁਪਹਿਰਾਂ ਵੇਲੇ ਨਿੰਮਾਂ ਜਾਂ ਕਿਕਰਾਂ ਦੀ ਛਾਂ ਹੇਠ ਬੁਨਣਾ ਜੋ ਓਨਾਂ ਸਮਿਆਂ ਦਾ ਰਿਵਾਜ ਸੀ। ਦੁਪਹਿਰ ਵੇਲੇ ਸਾਰੇ ਹੀ ਆਂਢ ਗੁਆਂਢ ਨੇ ਖੁਲੀ ਹਵਾ ਵਿੱਚ ਨਿੰਮਾਂ ਕਿਕਰਾਂ ਥੱਲੇ ਆਪੋ ਆਪਣੇ ਘਰਾਂ ਚੋਂ ਮੰਜੇ ਲਿਆ ਕੇ ਡਾਹ ਕੇ ਆਰਾਮ ਕਰਨਾ ਤੇ ਓਥੇ ਹੀ ਜਿਸ ਘਰ ਨੇ ਮੰਜਾ ਬੁਨਣਾ ਹੁੰਦਾ ਸੀ ਚੱਕ ਲਿਆਉਣਾ ਤੇ ਬੁਣ ਲੈਂਦੇ। ਕਈ ਵਾਰ ਤਾਂ ਪੂਰਾ ਮੰਜਾ ਬੁਣ ਲੈਂਦੇ ਜੇਕਰ ਥੋੜਾ ਬਹੁਤਾ ਰਹਿ ਜਾਂਦਾ ਤਾਂ ਅਗਲੇ ਦਿਨ ਵੀ ਬੁਣ ਲੈਂਦੇ।

ਰੰਗਦਾਰ ਸੂਤ ਦੇ ਮੰਜੇ ਵੀ ਬੜੇ ਸ਼ੌਕ ਨਾਲ ਬੁਣੇ ਜਾਂਦੇ ਰਹੇ ਹਨ। ਓਨਾਂ ਨੂੰ ਬੁਣ ਕੇ ਉੱਪਰ ਸੂਈ ਜਾਂ ਘੰਦੂਈ ਨਾਲ ਚਾਦਰ ਸਿਊਂ ਦੇਣੀ ਤਾਂ ਕਿ ਸੂਤ ਜਲਦੀ ਖਰਾਬ ਜਾਂ ਗੰਦਾ ਨਾ ਹੋਵੇ। ਇੱਕ ਘਰ ਵਿੱਚ ਦਸ ਦਸ ਮੰਜੇ ਹੋਇਆ ਕਰਦੇ ਸਨ। ਵਿਆਹ ਸ਼ਾਦੀਆਂ ਵਿੱਚ ਵੀ ਇਹੀ ਮੰਜੇ ਤੇ ਬਿਸਤਰੇ ਨੰਬਰ ਲਾ ਕੇ ਇਕੱਠੇ ਕਰਨੇ ਤੇ ਪਿੰਡੋਂ ਬਾਹਰ ਬਣੀਆਂ ਢਾਣੀਆਂ ਵਿੱਚ ਵੀ ਵਿਆਹ ਸ਼ਾਦੀਆਂ ਵਾਲੇ ਘਰਾਂ ਨੇ ਪਿੰਡ ਵਿਚੋਂ ਹੀ ਮੰਜੇ ਬਿਸਤਰੇ ਇਕੱਠੇ ਕਰਕੇ ਲੈ ਕੇ ਜਾਣੇ।

ਪਰ ਕਦੇ ਕਦਾਈਂ ਭੁੱਲ ਭੁਲੇਖੇ ਨਾਲ ਜੇਕਰ ਵਾਣ ਵਾਲਾ ਮੰਜਾ ਬਾਹਰ ਮੀਂਹ ਵਿੱਚ ਭਿੱਜ ਜਾਂਦਾ ਤਾਂ ਉਸ ਵਿੱਚ ਕਾਣ ਪੈ ਜਾਂਦੀ ਸੀ (ਫੋਟੋ ਦੀ ਤਰ੍ਹਾਂ) ਫਿਰ ਇਹ ਥੋੜੀ ਔਖਿਆਈ ਦੇ ਨਾਲ ਹੀ ਠੀਕ ਹੁੰਦਾ ਸੀ, ਇੱਕ ਪਾਸੇ ਕਿਸੇ ਜ਼ਿਆਦਾ ਭਾਰੇ ਘਰ ਦੇ ਮੈਂਬਰ ਨੂੰ ਬਿਠਾਉਣਾ ਤੇ ਦੂਜੇ ਪਾਸਿਓਂ ਮੰਜਾ ਥੱਲੇ ਨੂੰ ਨੱਪਣਾ ਕਾਫੀ ਦੇਰ ਇਉਂ ਬੈਠੇ ਰਹਿਣ ਨਾਲ ਵੀ ਜਦੋਂ ਉਠਣਾ ਓਵੇਂ ਹੀ ਫਿਰ ਹੋ ਜਾਂਦਾ ਸੀ।ਦੋ ਚਾਰ ਵਾਰ ਇਉਂ ਕਰਨ ਨਾਲ ਜਾਂ ਫਿਰ ਕਿਸੇ ਜਿਆਦਾ ਭਾਰ ਵਾਲੇ ਮੈਬਰ ਨੇ ਰਾਤ ਨੂੰ ਓਸੇ ਮੰਜੇ ਤੇ ਲੇਟਣਾ ਤਾਂ ਜਾ ਕੇ ਕਿਤੇ ਇਹ ਸਹੀ ਹੁੰਦਾ ਸੀ।ਪਰ ਸੂਤ ਦੇ ਮੰਜਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ ਕਿਉਂਕਿ ਇੱਕ ਤਾਂ ਓਹ ਵੇਖਣ ਦੇ ਵਿੱਚ ਵੀ ਬੜੇ ਸੋਹਣੇ ਲੱਗਦੇ ਸਨ ਤੇ ਉਪਰੋਂ ਚਾਦਰ ਵੀ ਉੱਤੇ ਸਿਉਂਤੀ ਹੁੰਦੀ ਸੀ ਇਸ ਕਰਕੇ ਓਹਨੂੰ ਸਾਰੇ ਪਰਿਵਾਰ ਹੀ ਜਾਣ ਤੋਂ ਪਿਆਰੇ ਰੱਖਦੇ ਸਨ।ਪਰ ਵਾਣ ਦੇ ਮੰਜਿਆਂ ਦੀ ਜ਼ਿਆਦਾ ਦੇਖ ਭਾਲ ਨਾ ਹੂੰਦੀ ਕਰਕੇ ਕਹਿ ਲਓ ਜਾਂ ਫਿਰ ਬਾਪੂ ਦਾ ਬਾਹਰਲੇ ਘਰੇ ਪਿਆ ਵਾਣ ਦਾ ਮੰਜਾ ਅਕਸਰ ਹੀ ਮੀਂਹ ਦੀ ਭੇਂਟ ਚੜ੍ਹ ਕੇ ਕਾਣਿਆਂ ਜਾਂਦਾ ਸੀ ਤੇ ਉਸ ਨੂੰ ਠੀਕ ਕਰਨ ਲਈ ਵੀ ਕਾਫ਼ੀ ਮਿਹਨਤ ਕਰਨੀ ਪੈਂਦੀ ਸੀ।



ਇਹ ਪੁਰਾਤਨ ਪੰਜਾਬ ਦੀਆਂ ਗੱਲਾਂ ਨੇ ਦੋਸਤੋ ਜਿਉਂ ਜਿਉਂ ਅਸੀਂ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ ਉਸ ਤੋਂ ਬਾਅਦ ਤਾਂ ਫਿਰ ਹੋਰ ਹੀ ਗੁੱਡੀਆਂ ਤੇ ਹੋਰ ਹੀ ਪਟੋਲੇ ਹੋ ਗਏ ਹਨ। ਡਬਲਬੈਡ ਲੋਹੇ ਦੇ ਬਣੇ ਹੋਏ ਮੰਜੇ ਲੋਹੇ ਦੇ ਬਣੇ ਇਕੱਠੇ ਹੋਣ ਵਾਲੇ ਮੰਜੇ ਤੇ ਹੋਰ ਪਤਾ ਨਹੀਂ ਕੀ ਕੁੱਝ ਬਣ ਗਿਆ ਹੈ। ਹੁਣ ਵਾਣ ਵਾਲੇ ਜਾਂ ਨਵਾਰੀ ਪਲੰਘ ਭਾਵ ਸੂਤ ਦੇ ਬਣੇ ਹੋਏ ਮੰਜੇ ਕਿਸੇ ਟਾਂਵੇ ਟਾਂਵੇ ਘਰਾਂ ਵਿੱਚ ਹੀ ਦਿਸਦੇ ਹਨ। ਕਿਉਂਕਿ ਨਵੀਂ ਪੀੜ੍ਹੀ ਇਨ੍ਹਾਂ ਨੂੰ ਪਸੰਦ ਨਹੀਂ ਕਰਦੀ ਪਰ ਪੁਰਾਤਨ ਪੰਜਾਬ ਵਿੱਚ ਇਹ ਧੀਆਂ ਭੈਣਾਂ ਦੇ ਦਾਜ ਵਿੱਚ ਵੀ ਦਿੱਤੇ ਜਾਂਦੇ ਰਹੇ ਹਨ।ਚੌਖੜੇ ਜਾ ਨੌਂ ਰੱਸੀਆਂ ਲੰਘਾ ਕੇ ਕੋਈ ਵਿਰਲੀ ਹੀ ਸਵਾਣੀ ਤੇ ਜਾਂ ਫਿਰ ਬਾਈ ਕੋਲ ਇਨ੍ਹਾਂ ਨੂੰ ਬੁਨਣ ਦੀ ਕਲਾ ਹੋਇਆ ਕਰਦੀ ਸੀ ਤੇ ਸਾਰਾ ਪਿੰਡ ਹੀ ਵਾਰੀ ਵਾਰੀ ਨਾਲ ਓਨਾਂ ਤੋਂ ਮੰਜੇ ਬਣਵਾਇਆ ਕਰਦੇ ਸਨ।

ਹੁਣ ਬਦਲੇ ਹਾਲਾਤਾਂ ਵਿੱਚ ਜੇਕਰ ਕਿਸੇ ਪੁਰਾਣੀ ਉਮਰ ਵਾਲੇ ਬਜ਼ੁਰਗ ਜਾਂ ਮਾਤਾ ਨੇ ਇਹ ਰੱਖੇ ਹੋਏ ਹਨ ਤਾਂ ਜਾਨ ਤੋਂ ਵੀ ਵਧ ਕੇ ਪਿਆਰ ਨਾਲ ਰੱਖੇ ਹੋਏ ਹਨ ਤੇ ਜਾਂ ਫਿਰ ਆਮ ਢਾਬਿਆਂ ਜਾਂ ਫਿਰ ਹਵੇਲੀ ਵਰਗੇ ਰੈਸਟੋਰੈਂਟਾਂ ਦੀ ਸ਼ਾਨ ਬਣਕੇ ਰਹਿ ਗਏ ਹਨ ਇਹੋ ਜਿਹੇ ਵਾਣ ਜਾਂ ਸੂਤ ਵਾਲੇ ਮੰਜੇ। ਓਨਾਂ ਨੇ ਆਪਣੀ ਗਾਹਕੀ ਨੂੰ ਲੁਭਾਉਣ ਤੇ ਆਪਣੇ ਵਿਰਸੇ ਦਾ ਅਨਿੱਖੜਵਾਂ ਅੰਗ ਕਰਕੇ ਇਨ੍ਹਾਂ ਦੇ ਪਾਵਿਆਂ ਨੂੰ ਮਨਭਾਉਂਦਾ ਰੰਗ ਵੀ ਕਰਵਾਇਆ ਹੁੰਦਾ ਹੈ ਤਾਂ ਕਿ ਆਉਣ ਵਾਲੇ ਗਾਹਕ ਉਸ ਨੂੰ ਵਿਰਸੇ ਦੇ ਪ੍ਰੇਮੀ ਵਜੋਂ ਜਾਨਣ। ਬਹੁਤ ਚੰਗੀ ਗੱਲ ਹੈ ਚਲੋ ਇਸੇ ਤਰ੍ਹਾਂ ਹੀ ਸਹੀ ਓਨਾਂ ਨੂੰ ਵੇਖ ਕੇ ਘੱਟੋ-ਘੱਟ ਪੁਰਾਤਨ ਬਜ਼ੁਰਗਾਂ ਨੂੰ ਆਪਣਾ ਅਤੀਤ ਚੇਤੇ ਆ ਜਾਂਦਾ ਹੈ ਤੇ ਨਾਲ ਗਏ ਪੋਤਰੇ ਪੋਤਰੀ ਜਾਂ ਦੋਹਤਿਆਂ ਨੂੰ ਓਹ ਮਾਣ ਨਾਲ ਇਹ ਵੀ ਜਰੂਰ ਦੱਸਦੇ ਨੇ ਕਿ ਆਹ ਸਾਡੇ ਸਮਿਆਂ ਦੇ ਮੰਜੇ ਤੇ ਪਲੰਘ ਹਨ।

ਸੋ ਦੋਸਤੋ ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ ਜੋ ਪਹਿਲਾਂ ਸੀ ਓਹ ਅੱਜ ਕਿਧਰੇ ਨਜਰ ਨਹੀਂ ਆਉਂਦਾ ਤੇ ਜੋ ਅੱਜ ਆਪਾਂ ਵੇਖ ਰਹੇ ਹਾਂ ਕੱਲ੍ਹ ਇਹ ਵੀ ਕਿਧਰੇ ਨਹੀਂ ਦਿਸਣਾ ਇਹ ਕੁਦਰਤੀ ਨੇਮ ਹੈ ਇਸ ਨੂੰ ਆਪਾਂ ਸਾਰਿਆਂ ਨੂੰ ਮੰਨਣਾ ਹੀ ਪੈਣਾ ਹੈ। ਹਾਂ ਕਦੇ ਕਦੇ ਓਹ ਪੁਰਾਤਨ ਸਮੇਂ ਯਾਦ ਜ਼ਰੂਰ ਆ ਜਾਂਦੇ ਨੇ ਜੋ ਤੁਹਾਡੇ ਸਾਰੇ ਦੋਸਤਾਂ ਮਿੱਤਰਾਂ ਨਾਲ ਸਾਂਝੇ ਕਰ ਲਈਦੇ ਨੇ।

- ਜਸਵੀਰ ਸ਼ਰਮਾਂ ਦੱਦਾਹੂਰ
(ਸ੍ਰੀ ਮੁਕਤਸਰ ਸਾਹਿਬ)
95691-49556

ਸਭਾ, ਸੁਸਾਇਟੀਆਂ, ਕਲੱਬਾ ਅਤੇ ਸੰਸਥਾਵਾਂ ਲਈ ਸ਼ਪੈਸਲ
ਸ਼ਨਾਖਤੀ ਕਾਰਡ (Digital PVC ਆਈ-ਕਾਰਡ)
ਅਤੇ ਨਿਯੁਕਤੀ ਪੱਤਰ
ਬਣਵਾਉਣ ਲਈ ਸੰਪਰਕ ਕਰੋ!


ਮਹਿਕ ਵਤਨ ਦੀ ਐਡਵੋਟਾਈਜ਼ਰਮੈਂਟ ਕੰਪਨੀ (ਰਜਿ:)
Help Line: 9988 92 9988
www.mehakwatandilive.com

# ਤੈਨੂੰ ਤੀਆਂ ਨੂੰ ਲੈਣ ਨਾ ਆਏ



ਪੰਜਾਬ ਦੀ ਧਰਤੀ ਨੂੰ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ। ਪੰਜਾਬ ਦੇ ਸਭਿਆਚਾਰ ਤੇ ਸੰਸਕ੍ਰਿਤੀ ਦਾ ਅਕਸ ਇਥੋਂ ਦੇ ਤਿਉਹਾਰਾਂ ਦੇ ਦਰਪਣ ਵਿਚੋਂ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਰੁੱਤਾਂ ਤੇ ਫਸਲਾਂ ਦੇ ਗਲ ਨਾਲ ਲਿਪਟੇ ਵਿਭਿੰਨ ਤਿਉਹਾਰ ਪੰਜਾਬੀ ਜੀਵਨ ਦੇ ਸਭਿਆਚਾਰ ਨੂੰ ਆਪਣੇ ਦਾਮਨ ਨਾਲ ਲਪੇਟੀ ਸਮੇਂ ਦੇ ਹਾਣੀ ਬਣਦੇ ਆ ਰਹੇ ਹਨ। ਪੰਜਾਬੀ ਲੋਕ ਗੀਤਾਂ ਵਿਚ ਇਨ੍ਹਾਂ ਤਿਉਹਾਰਾਂ ਦਾ ਜ਼ਿਕਰ ਜਿਥੇ ਹਰ ਦਿਲ ਦੀ ਧੜਕਣ ਬਣਿਆ ਹੈ, ਉਥੇ ਲੋਕ ਗੀਤਾਂ ਨੇ ਇਨ੍ਹਾਂ ਤਿਉਹਾਰਾਂ ਨੂੰ ਲੋਕਪ੍ਰਿਯ ਵੀ ਬਣਾਇਆ ਹੈ।

ਰੁੱਤਾਂ ਨਾਲ ਸੰਬੰਧਤ ਤਿਉਹਾਰਾਂ ਵਿਚੋਂ ਸਾਉਣ ਮਹੀਨੇ ਆਉਣ ਵਾਲਾ ਖਾਸ ਕਰਕੇ ਪੇਂਡੂ ਜੀਵਨ ਦਾ ਮਹੱਤਵਪੂਰਨ ਤਿਉਹਾਰ 'ਤੀਆਂ ਦਾ ਤਿਉਹਾਰ' ਹੈ। ਪੰਜਾਬ ਦੀਆਂ ਮੁਟਿਆਰਾਂ ਤੇ ਕੁੜੀਆਂ ਚਿੜੀਆਂ ਇਸ ਤਿਉਹਾਰ ਨੂੰ ਬੜੇ ਹੀ ਚਾਅ ਨਾਲ ਮਨਾਉਂਦੀਆਂ ਹਨ। ਇਸ ਤਿਉਹਾਰ ਦਾ ਆਗਾਜ਼ ਸਾਉਣ ਮਹੀਨੇ ਦੀ ਮੱਸਿਆ ਤੋਂ ਬਾਅਦ ਤੀਜ ਤੋਂ ਹੁੰਦਾ ਹੈ ਤੇ ਪੁੰਨਿਆ ਤੱਕ ਚੱਲਦਾ ਹੈ। ਜਦੋਂ ਬਾਗਾਂ ਵਿਚ ਮੋਰ ਪੈਲਾਂ ਪਾਉਂਦੇ ਹਨ, ਅੰਬਾਂ ਉਤੇ ਕੋਇਲ ਕੂਕਦੀ ਹੈ, ਘਨਘੋਰ ਘਟਾਵਾਂ ਆਸਮਾਨ ਦੀ ਹਿੱਕ 'ਤੇ ਮੰਡਲਾਂਦੀਆਂ ਹਨ, ਕੁਦਰਤ ਆਪਣੇ ਪੂਰੇ ਜ਼ੋਬਨ ਉਤੇ ਨੱਚ ਉਠਦੀ ਹੈ, ਝਾਂਜਰਾਂ ਦੇ ਬੋਲ ਕੰਨਾਂ ਵਿਚ ਮਿੱਠਾ ਮਿੱਠਾ ਰਸ ਘੋਲੇ ਹਨ ਤਾਂ ਮਾਨੋ ਤੀਆਂ ਦੀ ਆਮਦ ਦਾ ਸੁਨੇਹਾ ਮਿਲ ਜਾਂਦਾ ਹੈ।

ਤੀਆਂ ਤੋਂ ਕੁਝ ਦਿਨ ਪਹਿਲਾਂ ਹੀ ਸੱਜ-ਵਿਆਹੀਆਂ ਮੁਟਿਆਰਾਂ ਆਪਣੇ ਦਿਲਾਂ ਅੰਦਰ ਸੱਧਰਾਂ ਤੇ ਚਾਅ ਸਾਂਭ ਕੇ ਆਪਣੇ ਸਹੁਰੇ ਘਰਾਂ ਤੋਂ ਪੇਕਿਆਂ ਨੂੰ ਕੂਚ ਕਰਨ ਲੱਗ ਪੈਂਦੀਆਂ ਹਨ। ਬਾਬਲ ਦੇ ਵਿਹੜੇ ਵਿਚ ਪੈਰ ਪਾਉਣ ਦਾ ਚਾਅ ਜਿਵੇਂ ਡੁੱਲ੍ਹ ਡੁੱਲ੍ਹ ਪੈਂਦਾ ਹੋਵੇ। ਕੋਈ ਮੁਟਿਆਰ ਆਪਣੇ ਕੰਤ ਨੂੰ ਸਾਉਣ ਮਹੀਨਾ ਆਉਣ ਸਾਰ ਹੀ ਤਰਲਾ ਕਰ ਉਠਦੀ ਹੈ-

**ਚੰਨਾ ਇਕ ਗੱਲ ਮੰਨ ਲੈ ਮੇਰੀ, ਮਿੰਨਤਾਂ ਕਰ ਕਰ ਹਾਰੀ।**
**ਵੇ ਤੀਆਂ ਦਾ ਮਹੀਨਾ ਢੱਲਣਾ, ਪੇਕੀਂ ਘੱਲਦੇ ਸਵੇਰ ਵਾਲੀ ਲਾਰੀ।**

ਤੇ ਜੇ ਕੋਈ ਮਨਚਲਾ ਗੱਭਰੂ ਸਾਉਣ ਮਹੀਨੇ ਵਿਚ ਭੁੱਲ-ਭੁਲੇਖੇ ਆਪਣੀ ਦੁਲਹਨ ਨੂੰ ਲੈਣ ਲਈ ਸਹੁਰੇ ਘਰ ਜਾ ਬਹਿੰਦਾ ਹੈ ਤਾਂ ਉਸਨੂੰ ਆਪਣੀ ਮੁਟਿਆਰ ਦੇ ਬੋਲ ਸੁਣ ਕੇ ਹੀ ਨਿਰਾਸ਼ ਹੋ ਕੇ ਵਾਪਸ ਮੁੜਨਾ ਪੈਂਦਾ ਹੈ-

**ਸਾਉਣ ਦਾ ਮਹੀਨਾ ਬਾਗਾਂ ਵਿਚ ਬੋਲਣ ਮੋਰ ਵੇ,**
**ਜਾਹ ਮੈਂ ਨਹੀਂ ਸਹੁਰੇ ਜਾਣਾ ਗੱਡੀ ਨੂੰ ਖਾਲੀ ਮੋੜ ਵੇ।**

ਤੀਆਂ ਤੋਂ ਕੁਝ ਦਿਨ ਪਹਿਲਾਂ ਸੱਜ-ਵਿਆਹੀਆਂ ਕੁੜੀਆਂ ਨੂੰ ਉਨ੍ਹਾਂ ਦੇ ਵੀਰ ਸਹੁਰੇ ਘਰਾਂ ਤੋਂ ਲੈਣ ਲਈ ਜਾਂਦੇ ਹਨ। ਆਪਣੇ ਵੀਰਾਂ ਦੀ ਉਡੀਕ ਉਨ੍ਹਾਂ ਦੇ ਮਨਾਂ ਵਿਚ ਖੋਰੂ ਪਾਉਣ ਲੱਗ ਪੈਂਦੀ ਹੈ। ਉਹ ਕੋਠੇ ਤੋਂ ਕਾਵਾਂ ਨੂੰ ਉਡਾਉਂਦੀਆਂ ਹਨ ਤੇ ਔਸੀਆਂ ਪਾਉਂਦੀਆਂ ਹਨ। ਤੇ ਅਖੀਰ ਇਜਹਾਰ ਦੀਆਂ ਘੜੀਆਂ ਉਦੋਂ ਖਤਮ ਹੋ ਜਾਂਦੀਆਂ ਹਨ ਜਦੋਂ ਭੈਣ ਦਾ ਵੀਰ ਉਸਨੂੰ ਨਜ਼ਰੀਂ ਪੈ ਜਾਂਦਾ ਹੈ। ਖੁਸ਼ੀ ਵਿਚ ਨੱਚਦੀ ਹੋਈ ਉਹ ਸਹੇਲੀਆਂ ਨੂੰ ਦੱਸਦੀ ਹੈ -

**ਹੱਥ ਛਤਰੀ ਰੁਮਾਲ ਪੱਲੇ ਸੇਵੀਆਂ, ਨੀ ਓਹ ਮੇਰਾ ਵੀਰ ਕੁੜੀਓ।**

ਤੇ ਜੇ ਕਿਸੇ ਬਦਨਸੀਬ ਭੈਣ ਦਾ ਵੀਰ ਤੀਆਂ ਨੂੰ ਆਪਣੀ ਭੈਣ ਨੂੰ ਲੈਣ ਨਹੀਂ ਆਉਂਦਾ ਤਾਂ ਉਸ ਵਿਚਾਰੀ ਨੂੰ ਕੌੜੇ ਸੁਭਾਅ ਵਾਲੀ ਸੱਸ ਦੇ ਤਾਹਨੇ-ਮੇਹਣੇ ਵੀ ਸੁਣਨੇ ਪੈਂਦੇ ਹਨ-

**ਤੈਨੂੰ ਤੀਆਂ ਨੂੰ ਲੈਣ ਨਾ ਆਏ, ਨੀ ਬਹੁਤਿਆਂ ਭਰਾਵਾਂ ਵਾਲੀਏ।**

ਕਿਸੇ ਮਜਬੂਰੀ ਕਾਰਨ ਜੋ ਸੱਜ-ਵਿਆਹੀਆਂ ਕੁੜੀਆਂ ਪੇਕੇ ਘਰ ਨਹੀਂ ਜਾ ਸਕਦੀਆਂ, ਉਨ੍ਹਾਂ ਨੂੰ ਮਾਂ-ਪਿਉ ਸੰਧਾਰਾ ਭੇਜਦੇ ਹਨ। ਇਸ ਸੰਧਾਰੇ ਵਿਚ ਕੁੜੀ ਲਈ ਸੂਟ, ਮੱਠੀਆਂ, ਰਿਓੜੀਆਂ, ਗੁਲਗੁਲੇ, ਚੂੜੀਆਂ, ਮਹਿੰਦੀ ਅਤੇ ਰੇਸ਼ਮ ਦੀ ਰੱਸੀ ਸ਼ਗਨ ਦੇ ਤੌਰ 'ਤੇ ਭੇਜੀ ਜਾਂਦੀ ਹੈ। ਕਈ ਲੋਕ ਸੰਧਾਰੇ ਵਿਚ ਸੋਨੇ ਦੇ ਗਹਿਣੇ ਵੀ ਬਣਵਾ ਕੇ ਭੇਜਦੇ ਹਨ।

ਤੀਆਂ ਦੀ ਖਿਚ ਦਾ ਸਭ ਤੋਂ ਮਹੱਤਵਪੂਰਨ ਕਾਰਨ ਗਿੱਧਾ ਤੇ ਪੀਂਘ ਝੂਟਣਾ ਹੈ। ਗਿੱਧੇ ਵਿਚ ਨੱਚਦੀਆਂ ਮੁਟਿਆਰਾਂ ਦੇ ਬੋਲ ਫ਼ਿਜ਼ਾ ਵਿਚ ਮਿਸਰੀ ਘੋਲਣ ਲੱਗ ਪੈਂਦੇ ਹਨ। ਗਿੱਧੇ ਵਿਚ ਜਿਵੇਂ ਜਵਾਨੀ ਦਾ ਹੜ੍ਹ ਆ ਗਿਆ ਹੋਵੇ। ਪਿੰਡ ਤੋਂ ਬਾਹਰ ਕਿਸੇ ਖੁੱਲ੍ਹੀ ਜਗ੍ਹਾ 'ਤੇ ਉਹ ਨੱਚਦੀਆਂ-ਟੱਪਦੀਆਂ, ਹੱਸਦੀਆਂ-ਖੇਡਦੀਆਂ ਆਪਣੇ ਹੁਸਨ ਦੀ ਸੁਗੰਧੀ ਖਿੰਡਾਉਂਦੀਆਂ ਹਨ। ਆਪਣੀਆਂ ਸਖੀਆਂ-ਸਹੇਲੀਆਂ ਦੇ ਗਲ ਲਿਪਟ ਕੇ ਆਪਣੇ ਦੁੱਖ-ਦਰਦ ਸਾਂਝੇ ਕਰਦੀਆਂ ਹਨ। ਪੀਂਘ ਤੋਂ ਥੱਕ ਕੇ ਜਦੋਂ ਪੰਜਾਬਣਾਂ ਗਿੱਧੇ ਦੇ ਮੈਦਾਨ ਵਿਚ ਆ ਜੁੜਦੀਆਂ ਹਨ ਤਾਂ ਮਾਨੋ ਜਿਵੇਂ ਨੱਚ-ਨੱਚ ਧਰਤੀ ਹਿਲਾ ਦਿੰਦੀਆਂ ਹਨ। ਬੋਲੀਆਂ ਦਾ ਜਿਵੇਂ ਮੀਂਹ ਵਰ੍ਹਨ ਲੱਗ ਪੈਂਦਾ ਹੈ। ਕੋਈ ਚੰਚਲ ਮੁਟਿਆਰ ਆਪਣੇ ਜੀਜੇ ਨੂੰ ਸੰਬੋਧਨ ਕਰਕੇ ਬੋਲੀ ਪਾਉਂਦੀ ਹੈ-

**ਸਾਉਣ ਮਹੀਨੇ ਦਿਨ ਤੀਆਂ ਦੇ ਨਿਕਲੀ ਪੂੜੇ ਖਾ ਕੇ**
**ਪਹਿਨ ਪੱਚਰ ਕੇ ਚੜ੍ਹਗੀ ਪੀਂਘ 'ਤੇ ਡਿੱਗ ਪਈ ਹੁਲਾਰਾ ਖਾ ਕੇ**
**ਬੋਚੀਂ ਵੇ ਜੀਜਾ ਘਰ ਦੀ ਨਾਰ ਬਣਾ ਕੇ।**

ਸਾਉਣ ਮਹੀਨੇ ਦਾ ਸਬੰਧ ਖੀਰ ਤੇ ਪੂੜਿਆਂ ਨਾਲ ਵੀ ਹੈ। ਤੀਆਂ ਦੇ ਦਿਨਾਂ ਵਿਚ ਸ਼ਾਇਦ ਹੀ ਕੋਈ ਪੰਜਾਬੀ ਘਰ ਅਜਿਹਾ ਹੋਵੇ, ਜਿਸ ਘਰ ਵਿਚ ਖੀਰ ਤੇ ਪੂੜੇ ਨਾ ਪੱਕੇ ਹੋਣ। ਕਈ ਗੁਲਗੁਲੇ ਆਦਿ ਵੀ ਪਕਾਉਂਦੇ ਹਨ। ਕੁਆਰੀਆਂ ਤੇ ਸੱਜ-ਵਿਆਹੀਆਂ ਕੁੜੀਆਂ ਆਪਣੇ ਮਨ ਦੀ ਭੜਾਸ ਤੀਆਂ ਵਿਚ ਕੱਢਦੀਆਂ ਹਨ। ਆਪਣੇ ਮਨ ਦੀ ਵੇਦਨਾ ਉਹ ਬੋਲੀਆਂ ਰਾਹੀਂ ਇੰਝ ਬਿਆਨ ਕਰਦੀਆਂ ਹਨ-

**ਮਾਏ ਨੀ ਮਾਏ ਮੈਨੂੰ ਜੁੱਤੀ ਸਵਾਦੇ, ਹੇਠ ਲਵਾਦੇ ਖੁਰੀਆਂ।**
**ਇਹ ਦਿਨ ਪਹਿਨਣੇ, ਸੱਸਾਂ ਨਣਾਨਾਂ ਬੁਰੀਆਂ।**

ਤੇ ਕੋਈ ਆਪਣੇ ਜੇਠ ਤੋਂ ਤੰਗ ਮੁਟਿਆਰ ਆਪਣੇ ਗੁੱਸੇ ਦਾ ਨਜ਼ਲਾ ਉਸ ਉਪਰ ਇਉਂ ਝਾੜਦੀ ਹੈ-

**ਮੈਂ ਤਾਂ ਜੇਠ ਨੂੰ ਜੀ ਜੀ ਕਹਿੰਦੀ, ਮੈਨੂੰ ਕਹਿੰਦਾ ਫੋਟ।**
**ਜੇਠ ਨੂੰ ਅੱਗ ਲੱਗ 'ਜੇ ਸਣੇ ਪਜ਼ਾਮੇ ਕੋਟ।**

ਤੀਆਂ ਦੇ ਤਿਉਹਾਰ ਨੂੰ ਸਿਰਜਣ ਵਾਲੇ ਦੀਆਂ ਸਿਫ਼ਤਾਂ ਵੀ ਕੁੜੀਆਂ ਆਪਣੀਆਂ ਬੋਲੀਆਂ ਰਾਹੀਂ ਤੀਆਂ ਵਿਚ ਕਰਦੀਆਂ ਹਨ। ਉਸ ਨੂੰ ਅਸੀਸਾਂ ਦਿੰਦੀਆਂ ਉਹ ਮਨ ਦੇ ਭਾਵ ਇੰਝ ਪ੍ਰਗਟ ਕਰਦੀਆਂ ਹਨ-

**ਵੇ ਤੀਆਂ ਨੂੰ ਲਵਾਉਣ ਵਾਲਿਆ,**
**ਤੇਰਾ ਹੋਵੇ ਸੁਰਗਾ ਵਿਚ ਵਾਸਾ।**

ਸਾਉਣ ਮਹੀਨੇ ਦੇ ਗੁਣ ਗਾਉਂਦੀਆਂ ਉਹ ਰੱਜਦੀਆਂ ਨਹੀਂ, ਜਿਸ ਨੇ ਉਨ੍ਹਾਂ ਦਾ ਮਿਲਾਪ ਕਰਾਇਆ ਹੈ ਤੇ ਭਾਦੋਂ ਮਹੀਨੇ ਨੂੰ ਤਾਂ ਗਾਲ੍ਹਾਂ ਹੀ ਸੁਣਨੀਆਂ ਪੈਂਦੀਆਂ ਹਨ-

**ਸਾਉਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।**

ਇਸ ਤਰ੍ਹਾਂ ਖੁਸ਼ੀਆਂ ਤੇ ਚਾਵਾਂ ਲੱਦੇ ਦਿਨ ਲੰਘ ਜਾਂਦੇ ਹਨ ਤੇ ਅਖੀਰਲੇ ਦਿਨ ਆਪਣੀਆਂ ਸਖੀਆਂ-ਸਹੇਲੀਆਂ ਤੇ ਗਲ਼ ਮਿਲ ਕੇ ਅਗਲੇ ਸਾਲ ਫੇਰ 'ਕੱਠੀਆਂ ਹੋਣ ਦੀ ਤਮੰਨਾ ਮਨ ਵਿਚ ਲੈ ਕੇ ਪੁੰਨਿਆਂ ਵਾਲੇ ਦਿਨ 'ਬੱਲੋ' ਪਾ ਕੇ ਉਹ ਘਰਾਂ ਨੂੰ ਪਰਤ ਪਾਉਂਦੀਆਂ ਹਨ। ਆਪਣੀਆਂ ਮੁੱਠੀਆਂ ਵਿਚ ਦੱਭ ਲੈ ਕੇ ਉਹ ਨੱਚਦੀਆਂ-ਟੱਪਦੀਆਂ ਤੇ ਗਿੱਧਾ ਪਾਉਂਦੀਆਂ ਹੋਈਆਂ 'ਤੀਆਂ ਦੇ ਤਿਉਹਾਰ' ਨੂੰ ਅਲਵਿਦਾ ਕਹਿ ਦਿੰਦੀਆਂ ਹਨ। ਪਰ ਅਜੋਕੇ ਦੌਰ ਵਿਚ ਤੀਆਂ ਦੇ ਤਿਉਹਾਰ ਦੀ ਪਹਿਲਾਂ ਵਾਲੀ ਰੌਣਕ ਘਟਦੀ ਜਾ ਰਹੀ ਹੈ ਤੇ ਇਹ ਕੇਵਲ ਸਭਿਆਚਾਰਕ ਮੇਲਿਆਂ ਦੇ ਘੇਰੇ ਵਿਚ ਹੀ ਸੀਮਿਤ ਹੁੰਦੀਆਂ ਜਾ ਰਹੀਆਂ ਹਨ। ਲੋੜ ਹੈ ਸਾਡੇ ਸਦੀਆਂ ਤੋਂ ਮਨਾਏ ਜਾ ਰਹੇ ਇਸ ਸਭਿਆਚਾਰਕ ਵਿਰਸੇ ਵਿਚ ਸੰਬੰਧਤ ਖੁਸ਼ੀਆਂ ਤੇ ਖੇੜਿਆਂ ਭਰੇ ਤਿਉਹਾਰ ਨੂੰ ਜਾਰੀ ਰੱਖਣ ਦੀ।

ਬਹਾਦਰ ਡਾਲਵੀ




# ਦੇਸੀ ਘਿਓ ਤੋਂ ਪਰਹੇਜ਼ ਕਿਉਂ?



ਦੁਨੀਆ ਦੇ ਚੋਟੀ ਦੇ ਮੈਡੀਕਲ ਜਰਨਲ ਲੈਨਸਟ ਵਿੱਚ ਛਪੀ ਖੋਜ ਵਿੱਚੋਂ ਸਪਸ਼ਟ ਹੁੰਦਾ ਹੈ ਕਿ ਭਾਰਤ 'ਚੋਂ ਉਤਪੰਨ ਹੋਇਆ ਡਾਕਟਰੀ ਵਿਗਿਆਨ ਹੀ ਅਸਲ ਧੁਰਾ ਹੈ ਜਿੱਥੋਂ ਅਰਬ ਹਮਲਾਵਰਾਂ ਨੇ ਤਰਜਮਾ ਕਰ ਕੇ ਪੂਰੀ ਦੁਨੀਆ ਵਿੱਚ ਪਹੁੰਚਾਇਆ। ਹੁਣ ਉਸੇ ਵਿਗਿਆਨ ਨੂੰ ਅਸੀਂ ਅੰਗਰੇਜ਼ਾਂ ਦੀ ਉਪਜ ਮੰਨਦਿਆਂ ਆਪਣੇ ਨੁਸਖਿਆਂ ਨੂੰ ਖੁੱਡੇ ਲਾ ਕੇ, ਕੰਪਨੀਆਂ ਦੀਆਂ ਮਸ਼ਹੂਰੀਆਂ 'ਤੇ ਨਿਰਭਰ ਹੋ ਕੇ ਅਤੇ ਆਪਣਾ ਵਧੀਆ ਖਾਣ ਪੀਣ ਤਬਦੀਲ ਕਰ ਕੇ ਪੱਛਮੀ ਸੱਭਿਅਤਾ ਦੀ ਰੰਗਤ ਦੇਣ ਲੱਗ ਪਏ ਹਾਂ। ਪੱਛਮੀ ਲੋਕ ਸਾਡੇ ਹੀ ਸੱਤੂਆਂ ਨੂੰ 'ਓਟਮੀਲ' ਦਾ ਨਾਂ ਦੇ ਕੇ ਸਾਨੂੰ 10 ਗੁਣਾਂ ਕੀਮਤ ਉੱਤੇ ਖਰੀਦਣ ਉੱਤੇ ਮਜਬੂਰ ਕਰ ਰਹੇ ਹਨ। ਉਸ ਦੇ ਲੁਭਾਵਣੇ ਨਾਂ ਰੱਖ ਕੇ, ਖੋਜਾਂ ਰਾਹੀਂ ਇਸ ਨੂੰ ਉੱਤਮ ਸਾਬਤ ਕਰ ਕੇ ਸਾਨੂੰ ਹੀ ਖੁਆਉਣ ਲੱਗ ਪਏ ਹਨ। ਅਸੀਂ ਨਾਨੀ-ਦਾਦੀ ਵੱਲੋਂ ਬਣਾਈ ਮੱਕੀ ਦੀ ਰੋਟੀ, ਬਾਜਰੇ ਦੀ ਖੀਰ ਜਾਂ ਰਾਗੀ ਦੀ ਇਡਲੀ ਨੂੰ ਪਿਛਾਂਹ ਖਿੱਚੂ-ਖਾਣਾ ਸਾਬਤ ਕਰ ਕੇ ਤਿਆਗ ਚੁੱਕੇ ਹਾਂ ਤੇ ਬੱਚਿਆਂ ਨੂੰ ਬਰਗਰ, ਨੂਡਲਜ਼ ਤੇ ਪੀਜ਼ੇ ਖੁਆ ਕੇ ਉਨ੍ਹਾਂ ਦੇ ਸਰੀਰਾਂ ਨੂੰ ਰੋਗਾਂ ਦਾ ਪੰਡਾਰ ਬਣਾ ਛੱਡਿਆ ਹੈ। ਇੱਥੋਂ ਤਕ ਕਿ ਸਵੀਡਨ ਵਿੱਚ ਦਹੀਂ ਤੇ ਸ਼ਹਿਦ ਨਾਲ ਬੱਚੇ ਨੂੰ ਨੁਹਾਉਣ ਵਾਸਤੇ ਹਜ਼ਾਰ ਰੁਪਏ ਦੀ ਸ਼ੀਸ਼ੀ ਵੀ ਬਜ਼ਾਰ ਵਿੱਚ ਵਿਕਣ ਲਈ ਤਿਆਰ ਹੋਈ ਪਈ ਹੈ। ਅਸੀਂ ਆਪਣੇ ਬੱਚਿਆਂ ਨੂੰ ਘਰ ਦਾ ਦਹੀਂ ਛੱਡ ਕੇ ਸਵੀਡਨ ਦੇ ਬਣੇ ਸਾਬਣ ਨਾਲ ਨੁਹਾਉਣ ਨੂੰ ਕਾਹਲੇ ਹਾਂ।

ਪੱਛਮੀ ਲੋਕਾਂ ਵਿੱਚ ਵਧ ਰਹੇ ਦਿਲ ਦੇ ਰੋਗ, ਸ਼ੱਕਰ ਰੋਗ, ਕੈਂਸਰ, ਬਲੱਡ ਪਰੈਸ਼ਰ ਤੇ ਮੋਟਾਪਾ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ। ਇਸੇ ਲਈ ਉਨ੍ਹਾਂ ਮੁਲਕਾਂ ਵਿੱਚ ਭਾਰਤੀ ਖਾਣਿਆਂ 'ਤੇ ਖੋਜ ਆਰੰਭੀ ਗਈ ਕਿਉਂਕਿ ਏਥੇ ਏਨੀ ਵੱਡੀ ਮਾਤਰਾ ਵਿੱਚ ਉਦੋਂ ਸ਼ੱਕਰ ਰੋਗੀ ਨਹੀਂ ਸਨ।

ਮੌਜੂਦਾ ਖੋਜ ਇੱਕੋ ਸਮੇਂ 18 ਮੁਲਕਾਂ ਵਿੱਚ ਆਰੰਭੀ ਗਈ। ਉਸ ਵਿੱਚ ਵੱਖ ਵੱਖ ਤਰ੍ਹਾਂ ਦੇ ਘਿਓ, ਤੇਲ, ਕਾਰਬੋਹਾਈਡਰੇਟਸ ਤੇ ਪ੍ਰੋਟੀਨ ਦੀ ਵਰਤੋਂ ਅਤੇ ਉਨ੍ਹਾਂ ਦੇ ਸਿਹਤ ਉੱਤੇ ਪੈਂਦੇ ਅਸਰ ਵੇਖੇ ਗਏ। ਇਸ ਵਿੱਚ ਦਿਲ ਦੀਆਂ ਬੀਮਾਰੀਆਂ ਤੇ ਉਨ੍ਹਾਂ ਸਦਕਾ ਹੋਈਆਂ ਮੌਤਾਂ ਬਾਰੇ ਵੀ ਨਤੀਜੇ ਕੱਢੇ ਗਏ। ਦਸ ਸਾਲਾਂ ਤਕ (2003 ਤੋਂ 2013) ਚੱਲੀ ਇਸ ਖੋਜ ਵਿੱਚ 35 ਤੋਂ 70 ਸਾਲਾਂ ਦੀਆਂ ਔਰਤਾਂ ਤੇ ਪੁਰਸ਼ ਸ਼ਾਮਲ ਕੀਤੇ ਗਏ। ਇਸ ਖੋਜ ਦੌਰਾਨ 5,796 ਮੌਤਾਂ ਹੋਈਆਂ ਅਤੇ 4,784 ਹਾਰਟ ਅਟੈਕ ਤੇ ਅਧਰੰਗ ਦੇ ਮਰੀਜ਼ ਸਾਹਮਣੇ ਆਏ। ਕੁੱਲ ਇੱਕ ਲੱਖ 35 ਹਜ਼ਾਰ ਤਿੰਨ ਸੌ ਪੈਂਤੀ ਲੋਕਾਂ ਦਾ ਖਾਣ ਪੀਣ ਦਾ ਰਿਕਾਰਡ ਰੱਖਿਆ ਗਿਆ ਅਤੇ ਉਨ੍ਹਾਂ ਦਾ ਪੂਰਾ ਚੈੱਕਅੱਪ ਵੀ ਲਗਾਤਾਰ ਕੀਤਾ ਗਿਆ ਸੀ।

**ਖੋਜ ਦੇ ਨਤੀਜੇ :** ਇਸ ਖੋਜ ਦੇ ਨਤੀਜਿਆਂ ਨੇ ਹੁਣ ਤਕ ਦੇ ਖਾਣ ਪੀਣ ਉੱਤੇ ਲਾਈਆਂ ਰੋਕਾਂ ਉੱਤੇ ਵੱਡਾ ਕਿੰਤੂ ਪਰੰਤੂ ਖੜ੍ਹਾ ਕਰ ਦਿੱਤਾ ਹੈ। ਪਹਿਲਾਂ ਦੀਆਂ ਖੋਜਾਂ ਅਨੁਸਾਰ ਥਿੰਦਾ, ਖਾਸ ਕਰ ਦੇਸੀ ਘਿਓ ਨੂੰ ਦਿਲ ਲਈ ਹਾਨੀਕਾਰਕ ਦੱਸ ਕੇ ਰੀਫਾਇੰਡ ਤੇਲਾਂ ਵਲ ਵੱਧ ਝੁਕਾਓ ਬਣਾ ਦਿੱਤਾ ਗਿਆ ਸੀ। ਇਸ ਵਾਸਤੇ ਮੀਡੀਆ ਰਾਹੀਂ ਇੰਨੀ ਇਸ਼ਤਿਹਾਰਬਾਜ਼ੀ ਕੀਤੀ ਗਈ ਕਿ ਮਸ਼ਹੂਰੀ ਦੇ ਆਧਾਰ ਉੱਤੇ ਹੀ ਮਲੇਸ਼ੀਆ ਨੇ 'ਪਾਮ ਤੇਲ' ਭਾਰਤੀਆਂ ਨੂੰ ਵੇਚ ਕੇ ਆਪਣੀ ਅਰਥ-ਵਿਵਸਥਾ ਮਜ਼ਬੂਤ ਕਰ ਲਈ। ਹਰ ਅਖ਼ਬਾਰ, ਕਿਤਾਬ, ਜਰਨਲ ਵਿੱਚ ਖਾਣੇ ਵਿੱਚ ਘਿਓ ਤੇ ਤੇਲ ਦੀ ਮਾਤਰਾ ਸਿਰਫ਼ 30 ਫ਼ੀਸਦੀ, ਜਿਸ ਵਿੱਚ ਦੇਸੀ ਘਿਓ 10 ਫ਼ੀਸਦੀ ਤੋਂ ਵੀ ਘੱਟ ਵਰਤੋਂ ਕਰਨ ਬਾਰੇ ਜ਼ੋਰ ਦਿੱਤਾ ਗਿਆ। ਇਸ ਇਸ਼ਤਿਹਾਰਬਾਜ਼ੀ ਨੇ ਦੇਸੀ ਘਿਓ ਨੂੰ ਪਿਛਾਂਹ ਧੱਕ ਕੇ ਵੱਖ ਵੱਖ ਰੀਫਾਇੰਡ ਤੇਲਾਂ ਦੇ ਕਾਰੋਬਾਰ ਨੂੰ ਖਰਬਾਂ ਦਾ ਮੁਨਾਫ਼ਾ ਦੁਆਇਆ।

ਮੈਡੀਕਲ ਜਰਨਲਾਂ ਵਿੱਚ ਛਪੀਆਂ ਖੋਜਾਂ ਨੇ ਡਾਕਟਰਾਂ ਨੂੰ ਵੀ ਆਪੋ ਆਪਣੇ ਮਰੀਜ਼ਾਂ ਨੂੰ ਘੱਟ ਘਿਓ ਦੀ ਵਰਤੋਂ ਕਰਨ ਦੀ ਸਲਾਹ ਦੇਣ ਲਈ ਮਜਬੂਰ ਕਰ ਦਿੱਤਾ। ਬਾਅਦ ਵਿੱਚ ਇਹ ਤੱਥ ਸਾਹਮਣੇ ਆਇਆ ਕਿ ਇਸ ਵਾਸਤੇ ਕੰਪਨੀਆਂ ਵੱਲੋਂ ਦਿੱਤੇ ਪੈਸਿਆਂ ਨਾਲ ਖੋਜਾਂ ਕਰਵਾਈਆਂ ਗਈਆਂ, ਜਿਨ੍ਹਾਂ ਨੇ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ ਦਾ ਐਸਾ ਹਊਆ ਬਣਾ ਕੇ ਪੇਸ਼ ਕੀਤਾ ਕਿ ਆਮ ਬੰਦਾ ਦਿਨ ਰਾਤ ਲੈਬਾਰਟਰੀਆਂ ਵਿੱਚੋਂ ਟੈਸਟ ਕਰਵਾ ਕੇ ਡਾਕਟਰਾਂ ਤੋਂ ਚੰਗੇ ਮਾੜੇ ਕੋਲੈਸਟਰੋਲ ਦੇ ਵਾਧੇ ਘਾਟੇ ਬਾਰੇ ਪੁੱਛਦਾ ਹੀ ਗੁੰਮ ਹੋ ਕੇ ਰਹਿ ਗਿਆ। ਇਸ ਸਾਰੇ ਰੌਲੇ ਗੌਲੇ ਵਿੱਚ ਸਭ ਤੋਂ ਵੱਧ ਮਾਰ ਦੇਸੀ ਘਿਓ ਨੂੰ ਪਈ। ਪਿੰਡਾਂ ਵਿੱਚ ਘਰ ਦਾ ਘਿਓ, ਮੱਖਣ ਛੱਡ ਕੇ ਮੁੱਲ ਖਰੀਦਿਆ ਰੀਫਾਇੰਡ ਤੇਲ, ਕਨੋਲਾ ਤੇਲ ਤੇ ਓਲਿਵ ਤੇਲ ਵਰਤਣ ਦਾ ਭੂਤ ਸਵਾਰ ਹੋ ਗਿਆ।

ਕੈਨੇਡੀਅਨ ਇੰਸਟੀਚਿਊਟ ਆਫ ਹੈਲਥ ਰੀਸਰਚ ਵੱਲੋਂ ਕੀਤੇ ਖ਼ਰਚੇ ਰਾਹੀਂ ਪੂਰੀ ਕੀਤੀ ਖੋਜ, ਜਿਸ ਵਿੱਚ ਓਨਟਾਰੀਓ ਮਿਨਿਸਟਰੀ ਆਫ਼ ਹੈਲਥ ਨੇ ਵੀ ਗਰਾਂਟਾਂ ਦਿੱਤੀਆਂ, ਵਿੱਚ ਅਰਜਨਟੀਨਾ, ਬੰਗਲਾ ਦੇਸ਼, ਬਰਾਜ਼ੀਲ, ਕੈਨੇਡਾ, ਦਿੱਲੀ, ਚੀਨ, ਕੋਲੰਬੀਆ, ਭਾਰਤ, ਮਲੇਸ਼ੀਆ, ਪੈਲਸਟੀਨ, ਪੋਲੈਂਡ, ਸਾਊਥ ਅਫਰੀਕਾ, ਨੀਦਰਲੈਂਡ, ਸਵੀਡਨ, ਤੁਰਕੀ ਤੇ ਦੁਬਈ ਸਮੇਤ ਕਈ ਮੁਲਕਾਂ ਤੇ ਸਿਹਤ ਸੰਸਥਾਵਾਂ ਨੇ ਰਲ ਕੇ ਪੁਰਾਣੀ ਖੋਜ ਨੂੰ ਖੰਡਿਤ ਕਰ ਦਿੱਤਾ ਹੈ।

ਨਵੀਂ ਖੋਜ ਮੁਤਾਬਕ ਸਭ ਤੋਂ ਵੱਧ ਮੌਤਾਂ ਉਨ੍ਹਾਂ ਬੰਦਿਆਂ ਦੀਆਂ ਹੋਈਆਂ ਜੋ ਪੂਰੇ ਦਿਨ ਦੇ ਖਾਣੇ ਵਿੱਚ 60 ਫ਼ੀਸਦੀ ਤੋਂ ਵੱਧ ਕਾਰਬੋਹਾਈਡਰੇਟਸ (ਖੰਡ, ਮੈਦਾ, ਕਣਕ ਦਾ ਆਟਾ) ਵਰਤ ਰਹੇ ਸਨ। ਜਿਨ੍ਹਾਂ ਲੋਕਾਂ ਦੇ ਖਾਣੇ ਵਿੱਚ ਰੀਫਾਇੰਡ ਕਾਰਬੋਹਾਈਡਰੇਟਸ (ਖੰਡ, ਸ਼ੱਕਰ, ਗੁੜ, ਮੈਦਾ) ਦੀ ਥਾਂ ਸੈਚੂਰੇਟਿਡ ਥਿੰਦੇ (ਦੇਸੀ ਘਿਓ) ਦੀ ਮਾਤਰਾ ਵੱਧ ਸੀ, ਉਨ੍ਹਾਂ ਲੋਕਾਂ ਵਿੱਚ ਅਧਰੰਗ ਹੋਣ ਦਾ ਖ਼ਤਰਾ ਕਈ ਗੁਣਾਂ ਘਟਿਆ ਲੱਭਿਆ।

ਦੇਸੀ ਘਿਓ ਖਾਣ ਵਾਲਿਆਂ ਦਾ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ ਵਧਿਆ ਹੋਇਆ ਲੱਭਿਆ ਤੇ ਟਰਾਈਗਲਿਸਰਾਈਡ ਘਟੇ ਹੋਏ ਲੱਭੇ। ਯਾਨੀ, ਮਾੜਾ ਤੇ ਚੰਗਾ ਕੋਲੈਸਟਰੋਲ, ਦੋਵੇਂ ਵਧ ਗਏ, ਪਰ ਫਿਰ ਵੀ ਇੰਨੇ ਖ਼ਤਰਨਾਕ ਨਹੀਂ ਸਨ। ਜਿਹੜੇ ਜ਼ਿਆਦਾ ਕਾਰਬੋਹਾਈਡਰੇਟਸ ਵਰਤ ਰਹੇ ਸਨ, ਉਨ੍ਹਾਂ ਦਾ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ, ਦੋਵੇਂ ਘਟ ਗਏ ਸਨ। ਮਤਲਬ ਇਹ ਕਿ ਮੈਦਾ ਤੇ ਖੰਡ ਖਾਣ ਨਾਲ ਜਿੱਥੇ ਮਾੜਾ ਕੋਲੈਸਟਰੋਲ ਵਧ ਗਿਆ, ਉੱਥੇ ਚੰਗਾ ਕੋਲੈਸਟਰੋਲ ਵੀ ਘਟ ਗਿਆ। ਦੇਸੀ ਘਿਓ ਦੀ ਵਰਤੋਂ ਕਰਨ ਵਾਲਿਆਂ ਦੇ ਸਰੀਰਾਂ ਅੰਦਰ ਐਪੋ-ਬੀ/ ਐਪੋ-ਏ 1 ਦੀ ਮਾਤਰਾ ਘਟੀ ਹੋਈ ਲੱਭੀ ਜਿਸ ਨਾਲ ਹਾਰਟ ਅਟੈਕ ਤੇ ਐਨਜਾਈਨਾ ਦਾ ਖ਼ਤਰਾ ਕਈ ਗੁਣਾਂ ਘੱਟ ਹੋ ਗਿਆ।

ਐੱਲ.ਡੀ.ਐੱਲ. ਕੋਲੈਸਟਰੋਲ ਉੱਤੇ ਸਿਰਫ਼ ਖ਼ੁਰਾਕ ਦਾ ਹੀ ਅਸਰ ਨਹੀਂ ਪੈਂਦਾ। ਇਸੇ ਲਈ ਇਕੱਲੀ ਖ਼ੁਰਾਕ ਉੱਤੇ ਹੀ ਹਾਰਟ ਅਟੈਕ ਨਾਲ ਹੋ ਰਹੀਆਂ ਮੌਤਾਂ ਦੀ ਜ਼ਿੰਮੇਵਾਰੀ ਨਹੀਂ ਪਾਈ ਜਾ ਸਕਦੀ। ਤਣਾਓ ਵੀ ਇਕ ਵੱਡਾ ਕਾਰਨ ਉਭਰ ਕੇ ਸਾਹਮਣੇ ਆ ਰਿਹਾ ਹੈ। ਟਰਾਂਸ ਫੈਟ (ਬਜ਼ਾਰੀ ਤਲੇ ਆਲੂ, ਚਿਪਸ, ਬਰਗਰ, ਪਿਜ਼ਾ, ਆਦਿ) ਦਿਲ, ਜਿਗਰ ਅਤੇ ਅੰਤੜੀਆਂ ਲਈ ਹਾਨੀਕਾਰਕ ਸਿੱਧ ਹੋ ਚੁੱਕੇ ਹਨ ਤੇ ਮੋਟਾਪੇ ਨਾਲ ਹੋ ਰਹੀਆਂ ਬੀਮਾਰੀਆਂ ਲਈ ਵੀ। ਜਿਨ੍ਹਾਂ ਨੇ ਦੇਸੀ ਘਿਓ ਛੱਡ ਕੇ ਰੀਫਾਇੰਡ ਘਿਓ ਖਾਣਾ ਸ਼ੁਰੂ ਕੀਤਾ ਸੀ, ਉਨ੍ਹਾਂ ਵਿੱਚ ਵੀ ਮਰਨ ਦਰ ਘਟੀ ਨਹੀਂ। ਵੱਧ ਕਾਰਬੋਹਾਈਡਰੇਟ ਤੇ ਘੱਟ ਥਿੰਦੇ ਵਾਲੀ ਖ਼ੁਰਾਕ ਖਾਣ ਵਾਲਿਆਂ ਵਿੱਚ ਮੌਤ ਦਰ ਵੱਧ ਦਿਸੀ ਪਰ ਹਾਰਟ ਅਟੈਕ ਨਾਲੋਂ ਜ਼ਿਆਦਾ ਸਟਰੋਕ ਜਾਂ ਹੋਰ ਕਾਰਨਾਂ ਕਰ ਕੇ। ਖਾਣੇ ਵਿੱਚ ਥਿੰਦਾ ਨਾ ਬਰਾਬਰ ਕਰਨ ਬਾਅਦ ਵੀ ਮੌਤ ਦਰ ਵਿੱਚ ਕੋਈ ਫ਼ਰਕ ਨਹੀਂ ਦਿਸਿਆ। ਜੇ ਖ਼ੁਰਾਕ ਵਿੱਚ ਘਿਓ ਦੀ ਮਾਤਰਾ 30 ਫ਼ੀਸਦੀ ਦੀ ਥਾਂ ਉੱਤੇ 35 ਫ਼ੀਸਦੀ ਹੋਵੇ, ਤਾਂ ਮੌਤ ਦਰ ਘਟ ਜਾਂਦੀ ਹੈ ਤੇ ਅਧਰੰਗ ਦਾ ਖ਼ਤਰਾ ਵੀ ਘਟ ਜਾਂਦਾ ਹੈ। ਇੰਜ ਦਿਲ ਦੇ ਰੋਗਾਂ ਤੋਂ ਇਲਾਵਾ ਹੋਰ ਕਾਰਨਾਂ ਕਰ ਕੇ ਵੀ ਮੌਤ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਚਿੱਟੇ ਚੌਲ, ਖੰਡ, ਸ਼ੱਕਰ, ਗੁੜ, ਮੈਦਾ ਖਾਣ ਨਾਲ ਮੌਤ ਦਰ ਵਧੀ ਦਿਸੀ ਤੇ ਹਾਰਟ ਅਟੈਕ ਵੀ ਵੱਧ ਹੋਏ ਲੱਭੇ। ਘਿਓ ਨਾਲੋਂ ਮੈਦਾ ਤੇ ਖੰਡ ਕੋਲੈਸਟਰੋਲ ਅਤੇ ਬਲੱਡ ਪਰੈਸ਼ਰ ਉੱਤੇ ਵੱਧ ਮਾੜਾ ਅਸਰ ਪਾਉਂਦੇ ਹਨ। ਜੇ ਦੇਸੀ ਘਿਓ ਖਾਇਆ ਜਾਵੇ ਤਾਂ ਮੌਤ ਦਰ ਤੇ ਅਧਰੰਗ ਦਾ ਖ਼ਤਰਾ ਤਾਂ ਘਟਦਾ ਹੀ ਹੈ, ਦਿਲ ਦੀਆਂ ਬੀਮਾਰੀਆਂ ਤੇ ਹਾਰਟ ਅਟੈਕ ਦਾ ਖ਼ਤਰਾ ਵੀ ਘਟ ਜਾਂਦਾ ਹੈ।

ਖੰਡ, ਗੁੜ, ਸ਼ੱਕਰ, ਮੈਦਾ, ਚਿੱਟੇ ਚੌਲ ਤੇ ਕਣਕ ਦਾ ਬਿਨਾਂ ਛਾਣਬੂਰੇ ਵਾਲਾ ਆਟਾ ਖਾਣ ਨਾਲ ਮੌਤ ਦਰ ਵਧ ਜਾਂਦੀ ਹੈ ਤੇ ਹਾਰਟ ਅਟੈਕ ਦਾ ਖ਼ਤਰਾ ਵੀ ਵਧ ਜਾਂਦਾ ਹੈ। ਕਾਰਬੋਹਾਈਡਰੇਟ ਨਾਲੋਂ ਵੱਧ ਦੇਸੀ ਘਿਓ ਖਾਣ ਨਾਲ ਅਧਰੰਗ ਦਾ ਖ਼ਤਰਾ ਘਟ ਜਾਂਦਾ ਹੈ। ਘਿਓ ਖਾਣ ਨਾਲ ਮੌਤ ਦਰ ਵਧਣ ਦਾ ਕੋਈ ਸੰਬੰਧ ਨਹੀਂ। ਦਿਲ ਦੀਆਂ ਬਿਮਾਰੀਆਂ ਉੱਤੇ ਵੀ ਘਿਓ ਖਾਣ ਨਾਲ ਕੋਈ ਮਾੜਾ ਅਸਰ ਨਹੀਂ ਲੱਭਿਆ। ਲੋੜੋਂ ਵੱਧ ਘਿਓ ਜਾਂ ਤੇਲ ਖਾਣ ਨਾਲ ਮੋਟਾਪਾ ਵਧ ਜਾਂਦਾ ਹੈ ਜੋ ਮੋਟਾਪੇ ਤੋਂ ਹੋਣ ਵਾਲੀਆਂ ਬੀਮਾਰੀਆਂ ਨੂੰ ਸੱਦਾ ਦਿੰਦਾ ਹੈ। ਇਸ ਨਾਲ ਬਾਅਦ ਵਿੱਚ ਸ਼ੱਕਰ ਰੋਗ, ਬਲੱਡ ਪ੍ਰੈਸ਼ਰ ਤੇ ਕੈਂਸਰ ਹੋ ਸਕਦਾ ਹੈ। ਲੋੜੋਂ ਵੱਧ ਹਰ ਚੀਜ਼ ਨੁਕਸਾਨ ਕਰਦੀ ਹੈ। ਇਸੇ ਲਈ ਦੇਸੀ ਘਿਓ ਦੀ ਵਰਤੋਂ ਵੀ ਹਿਸਾਬ ਨਾਲ ਕਰਨੀ ਚਾਹੀਦੀ ਹੈ। ਸਿਰਫ਼ ਓਨਾ ਜਿੰਨਾ ਕਸਰਤ ਨਾਲ ਹਜ਼ਮ ਕੀਤਾ ਜਾ ਸਕੇ। ਵਾਧੂ ਲੂਣ, ਖੰਡ, ਸ਼ੱਕਰ, ਗੁੜ ਤੇ ਮੈਦਾ ਤਾਂ ਹਰ ਹਾਲ ਬੰਦ ਕਰਨਾ ਹੀ ਪੈਣਾ ਹੈ। ਕਣਕ ਦੇ ਆਟੇ ਦੀ ਥਾਂ ਰਾਗੀ, ਬਾਜਰੇ ਤੇ ਮੱਕੀ ਦਾ ਆਟਾ ਵਰਤਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਰੀਫਾਇੰਡ ਘਿਓ ਨੂੰ ਦੇਸੀ ਘਿਓ ਉੱਤੇ ਪਹਿਲ ਨਹੀਂ ਦੇਣੀ ਚਾਹੀਦੀ।

**ਡਾ. ਹਰਸ਼ਿੰਦਰ ਕੌਰ, ਸੰਪਰਕ:** 0175-2216783

# ਤਸਵੀਰਾਂ ਬੋਲਦੀਆਂ !



ਸਰਬੱਤ ਦਾ ਭਲਾ ਟਰੱਸਟ ਮੋਗਾ ਵੱਲੋਂ ਦੌਲਤਪੁਰਾ ਨੀਵਾਂ ਵਿਖੇ ਬਿਊਟੀਸ਼ੀਅਨ ਕੋਰਸ ਪੂਰਾ ਹੋਣ ਤੇ ਲਈ ਜਾ ਰਹੀ ਪ੍ਰੀਖਿਆ ਸਮੇਂ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਮੁੱਖ ਸਲਾਹਕਾਰ ਗੁਰਸੇਵਕ ਸਿੰਘ ਸੰਨਿਆਸੀ, ਬਿਊਟੀਸ਼ੀਅਨ ਟੀਚਰ ਮੈਡਮ ਅਨੀਤਾ ਰਾਣੀ, ਦਫਤਰ ਇੰਚਾਰਜ ਮੈਡਮ ਜਸਵੀਰ ਕੌਰ, ਬਲਵਿੰਦਰ ਸਿੰਘ ਦੌਲਤਪੁਰਾ ਨੀਵਾਂ, ਮੈਡਮ ਬਲਜਿੰਦਰ ਕੌਰ ਗਿੱਲ ਆਦਿ।



ਸਰਬੱਤ ਦਾ ਭਲਾ ਟਰੱਸਟ ਮੋਗਾ ਵੱਲੋਂ ਦੌਲਤਪੁਰਾ ਨੀਵਾਂ ਵਿਖੇ ਮੁਫਤ ਸਿਲਾਈ ਕਟਾਈ ਕੋਰਸ ਪੂਰਾ ਹੋਣ ਤੇ ਲਈ ਜਾ ਰਹੀ ਪ੍ਰੀਖਿਆ ਸਮੇਂ ਟਰੱਸਟ ਦੇ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਬਲਵਿੰਦਰ ਸਿੰਘ ਦੌਲਤਪੁਰਾ ਨੀਵਾਂ, ਮੈਡਮ ਸੁਖਵਿੰਦਰ ਕੌਰ, ਮੈਡਮ ਨਰਜੀਤ ਕੌਰ ਬਰਾੜ, ਦਫਤਰ ਇੰਚਾਰਜ ਮੈਡਮ ਜਸਵੀਰ ਕੌਰ, ਪ੍ਰਿੰਸੀਪਲ ਸੁਖਦੇਵ ਸਿੰਘ, ਪ੍ਰੇਮ ਪੁਰੀ, ਸਿਲਾਈ ਅਧਿਆਪਕ ਮੈਡਮ ਬਲਜਿੰਦਰ ਕੌਰ ਆਦਿ।



ਸ੍ਰੋਮਣੀ ਅਕਾਲੀ ਦਲ ਫਤਹਿ ਦੇ ਨਵ ਨਿਯੁਕਤ ਪ੍ਰਧਾਨ ਜਥੇਦਾਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਆਪਣੇ ਪ੍ਰੀਵਾਰਕ ਮੈਬਰਾਂ ਨਾਲ ਗੁਰਦੁਆਰਾ ਦੁੱਖ ਭੰਜਨਸਰ ਖੁਖਰਾਣਾ (ਮੋਗਾ) ਵਿਖੇ ਪਹੁੰਚੇ। ਮੁੱਖ ਸੇਵਾਦਾਰ ਬਾਬਾ ਰੇਸ਼ਮ ਸਿੰਘ ਜੀ ਵੱਲੋਂ ਉਨ੍ਹਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਜੀਓ ਆਇਆਂ ਨੂੰ ਆਖਿਆ ਗਿਆ।



'ਮੌੜ' ਫਿਲਮ ਦੇ ਚੌਥੇ ਹਫਤੇ ਵਿੱਚ ਸ਼ਾਮਿਲ ਹੋਣ ਤੇ ਇਸ ਫਿਲਮ ਵਿੱਚ ਇੱਕ ਅਹਿਮ ਰੋਲ ਨਿਭਾਉਣ ਵਾਲੇ ਪ੍ਰਸਿੱਧ ਅਦਾਕਾਰ ਮਨਿੰਦਰ ਮੋਗਾ ਵੱਲੋਂ ਇਸ ਖੁਸ਼ੀ ਵਿੱਚ ਇੱਕ ਖਾਸ 'ਮਹਿਫਲ' ਦਾ ਆਯੋਜਿਨ ਕੀਤਾ ਗਿਆ। ਮਹਿਫਲ ਦੇ ਆਯੋਜਿਨ ਸਮੇਂ ਅਦਾਕਾਰ ਮਨਿੰਦਰ ਮੋਗਾ, 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਗਾਇਕ ਹਰਮਿਲਾਪ ਗਿੱਲ, ਗਾਇਕ ਡਾ. ਬਲਜੀਤ, ਗਾਇਕ ਜਸ ਸਿੱਧੂ ਅਤੇ ਹਾਜਰ ਹੋਰ ਪਤਵੰਤੇ ਸੱਜਣ।




# ਪ੍ਰਵਾਸੀ ਪੰਜਾਬੀਆਂ ਦੇ ਜੀਵਨ 'ਤੇ ਝਾਤ ਪਾਉਂਦੀ ਮਨੋਰੰਜਨ ਭਰਪੂਰ ਫ਼ਿਲਮ 'ਮੁੰਡਾ ਸਾਊਥਹਾਲ ਦਾ'

–ਜਿੰਦ ਜਵੰਦਾ, ਮੋ. 97795–91482

ਪੰਜਾਬੀ ਫ਼ਿਲਮ 'ਮੁੰਡਾ ਸਾਊਥਹਾਲ ਦਾ' ਇੱਕ ਖ਼ੂਬਸੂਰਤ ਤੇ ਦਿਲਚਸਪ ਵਿਸ਼ੇ 'ਤੇ ਬਣੀ ਮਨੋਰੰਜਨ ਭਰਪੂਰ ਡਰਾਮਾ ਫ਼ਿਲਮ ਹੈ। ਇਹ ਫ਼ਿਲਮ ਅਜੋਕੀ ਪੀੜੀ ਅਤੇ ਸਮਾਜ ਦੀ ਕਹਾਣੀ ਹੈ, ਜੋ ਖ਼ੂਬਸੂਰਤ ਤਰੀਕੇ ਨਾਲ ਕਈ ਮੁੱਦਿਆਂ 'ਤੇ ਵਿਅੰਗਮਈ ਅੰਦਾਜ਼ ਵਿੱਚ ਕਟਾਕਸ਼ ਕਰਦੀ ਹੈ। ਪੰਜਾਬੀ ਫ਼ਿਲਮ "ਲਾਈਏ ਜੇ ਯਾਰੀਆ" ਜ਼ਰੀਏ ਬਤੌਰ ਨਿਰਦੇਸ਼ਕ ਆਪਣੀ ਸ਼ੁਰੂਆਤ ਕਰਨ ਵਾਲੇ ਨਾਮਵਾਰ ਮਿਊਜ਼ਿਕ ਵੀਡੀਓ ਡਾਇਰੈਕਟਰ ਸੁੱਖ ਸੰਘੇੜਾ ਦੀ ਬਤੌਰ ਫਿਲਮ ਨਿਰਦੇਸ਼ਕ–ਲੇਖਕ ਇਹ ਦੂਜੀ ਪੰਜਾਬੀ ਫਿਲਮ ਹੈ। ਇਸ ਫਿਲਮ ਜਰੀਏ ਚਰਚਿਤ ਨੌਜਵਾਨ ਗਾਇਕ ਅਰਮਾਨ ਬੇਦਿਲ ਵੀ ਬਤੌਰ ਹੀਰੋ ਫ਼ਿਲਮ ਇੰਡਸਟਰੀ ਵਿੱਚ ਪਲੇਠਾ ਕਦਮ ਰੱਖਣ ਜਾ ਰਹੇ ਹਨ। ਨਾਮਵਾਰ ਮਾਡਲ ਪ੍ਰੀਤ ਔਜਲਾ ਦੀ ਵੀ ਇਹ ਪਹਿਲੀ ਫ਼ਿਲਮ ਹੋਵੇਗੀ। ਇਸ ਫ਼ਿਲਮ ਵਿੱਚ ਤੰਨੂ ਗਰੇਵਾਲ, ਪਾਕਿਸਤਾਨੀ ਨਾਮਵਰ ਅਦਾਕਾਰ ਇਫਤਿਆਰ ਠਾਕੁਰ, ਗਾਇਕ ਸਰਬਜੀਤ ਚੀਮਾ, ਗੋਲਡਬੁਆਏ, ਗੁਰਪ੍ਰੀਤ ਭੰਗੂ, ਮਲਕੀਅਤ ਰੌਣੀ ਅਤੇ ਪ੍ਰੀਤੋ ਸਮੇਤ ਕਈ ਚਰਚਿਤ ਅਦਾਕਾਰ ਨਜ਼ਰ ਆਉਣਗੇ। ਫ਼ਿਲਮ ਦੇ ਨਿਰਦੇਸ਼ਕ ਸੁੱਖ ਸੰਘੇੜਾ ਮੁਤਾਬਕ ਦਰਜਨਾਂ ਨਾਮੀ ਕਲਾਕਾਰਾਂ ਦੇ ਸੈਂਕੜੇ ਮਿਊਜ਼ਿਕ ਵੀਡੀਓ ਸ਼ੂਟ ਕਰਨ ਤੋਂ ਬਾਅਦ ਉਹਨਾ ਦਾ ਅਗਲਾ ਸੁਪਨਾ ਫ਼ਿਲਮ ਨਿਰਦੇਸ਼ਨ ਵੱਲ ਆਓਂਣਾ ਸੀ, ਜੋ ਹੁਣ ਇਸ ਫ਼ਿਲਮ ਨਾਲ ਪੂਰਾ ਹੋਣ ਜਾ ਰਿਹਾ ਹੈ। ਇਸ ਫ਼ਿਲਮ ਦੀ ਕਹਾਣੀ ਤੇ ਸਕਰੀਨਪਲੇ ਵੀ ਉਹਨਾਂ ਨੇ ਖੁਦ ਹੀ ਲਿਆ ਹੈ। ਇਸ ਫ਼ਿਲਮ ਵਿੱਚ ਇੱਕ ਵੱਖਰੇ ਕਿਸਮ ਦੀ ਪ੍ਰੇਮ ਕਹਾਣੀ ਦੇ ਨਾਲ ਨਾਲ ਵਿਦੇਸ਼ਾਂ ਵਿੱਚ ਰਹਿੰਦੇ ਪਰਿਵਾਰਾਂ ਦੀ ਜ਼ਿੰਦਗੀ, ਵਿਦੇਸ਼ਾਂ ਵਿੱਚ ਪੱਕੇ ਹੋਣ ਲਈ ਵਰਤੇ ਜਾਂਦੇ ਹੱਥਕੰਡਿਆਂ ਦੀ ਕਹਾਣੀ ਬਿਆਨ ਕਰਦੀ ਹੈ। ਕੈਮਰਾਮੈਨ ਸੈਮ ਮੱਲੀ ਵੱਲੋਂ ਕੈਮਰੇ ਚ ਕੈਦ ਕੀਤੇ ਗਏ ਖ਼ੂਬਸੂਰਤ ਦ੍ਰਿਸ਼ ਵੱਡੀ ਸਕਰੀਨ 'ਤੇ ਇੱਕ ਵੱਖਰਾ ਹੀ ਨਜ਼ਾਰਾ ਪੇਸ਼ ਕਰਨਗੇ।

ਇਹ ਫ਼ਿਲਮ ਸਾਊਥਾਲ ਵਿੱਚ ਰਹਿੰਦੇ ਇੱਕ ਨੌਜਵਾਨ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੋਈ ਜ਼ਿੰਦਗੀ ਦੇ ਵੱਖ ਵੱਖ ਰੰਗਾਂ ਦੀ ਬਾਤ ਪਾਉਂਦੀ ਹੈ। ਆਪਣੀ ਗਾਇਕੀ ਨਾਲ ਹਰਦਿਲ ਅਜ਼ੀਜ਼ ਬਣੇ ਗਾਇਕ ਅਰਮਾਨ ਬੇਦਿਲ ਮੁਤਾਬਕ ਇਹ ਫ਼ਿਲਮ ਉਸਦੀ ਜ਼ਿੰਦਗੀ ਦਾ ਟਰਨਿੰਗ ਪੁਆਇੰਟ ਸਾਬਤ ਹੋਵੇਗੀ। ਇਸ ਫ਼ਿਲਮ ਵਿੱਚ ਉਸਨੇ ਅਰਜੁਨ ਨਾਂ ਦੇ ਉਸ ਨੌਜਵਾਨ ਦੀ ਮੁੱਖ ਭੂਮਿਕਾ ਨਿਭਾਈ ਹੈ ਜੋ ਸਾਊਥਹਾਲ ਵਿੱਚ ਪੜਾਈ ਕਰ ਰਿਹਾ ਹੈ ਅਤੇ ਫੁੱਟਬਾਲ ਦਾ ਖਿਡਾਰੀ ਹੈ। ਉਸਦਾ ਮਕਸਦ ਫੁੱਟਬਾਲ ਦੇ ਵੱਡੇ ਮੈਚਾਂ ਵਿੱਚ ਹਿੱਸਾ ਲੈਣਾ ਹੈ। ਉਸਦੀ ਜ਼ਿੰਦਗੀ ਵਿੱਚ ਉਸ ਵੇਲੇ ਬਦਲਾਅ ਆਉਂਦਾ ਹੈ ਜਦੋਂ ਅਚਾਨਕ ਉਸਦੀ ਮੁਲਾਕਾਤ ਫਿਲਮ ਦੀ ਨਾਇਕਾ ਰਾਵੀ ਨਾਲ ਹੁੰਦੀ ਹੈ। ਅਰਜੁਨ ਰਾਵੀ ਨਾਲ ਮੁਹੱਬਤ ਕਰਨ ਲੱਗਦਾ ਹੈ ਪਰ ਇਹ ਮੁਹੱਬਤ ਉਸਦੀ ਜ਼ਿੰਦਗੀ ਨੂੰ ਇੱਕ ਵੱਖਰੀ ਦੁਨੀਆ ਵਿੱਚ ਲੈ ਜਾਂਦੀ ਹੈ। ਰਾਵੀ ਦਾ ਅਰਜਨ ਨੂੰ ਅਚਾਨਕ ਛੱਡਣਾ ਫ਼ਿਲਮ ਵਿੱਚ ਵੱਡਾ ਮੋੜ ਲੈ ਕੇ ਆਉਂਦਾ ਹੈ। ਅਰਮਾਨ ਮੁਤਾਬਕ ਦਰਸ਼ਕਾਂ ਨੂੰ ਇਹ ਕਿਰਦਾਰ ਬੇਹੱਦ ਪਸੰਦ ਆਵੇਗਾ।



ਤੰਨੂ ਗਰੇਵਾਲ ਇਸ ਫ਼ਿਲਮ ਵਿੱਚ ਰਾਵੀ ਦੇ ਕਿਰਦਾਰ ਵਿੱਚ ਨਜ਼ਰ ਆਵੇਗੀ। ਰਾਵੀ ਫ਼ਿਲਮ ਵਿੱਚ ਉਹਨਾਂ ਕੁੜੀਆਂ ਦੀ ਗੱਲ ਕਰੇਗੀ ਜਿਨ੍ਹਾਂ ਨੂੰ ਪਰਿਵਾਰ ਦੇ ਦਬਾਅ ਕਾਰਨ ਕਈ ਅਜਿਹੇ ਫੈਸਲੇ ਕਰਨੇ ਪੈਂਦੇ ਹਨ ਜੋ ਉਹਨਾਂ ਲਈ ਜ਼ਿੰਦਗੀ ਨੂੰ ਨਰਕ ਬਣਾ ਦਿੰਦੇ ਹਨ। ਕੱਚੇ– ਪੱਕੇ ਵਿਆਹਾਂ ਅਤੇ ਇਮੀਗੇਸ਼ਨ ਲਈ ਰਿਸ਼ਤਿਆਂ ਦੇ ਹੋ ਰਹੇ ਘਾਣ ਦੀ ਗੱਲ ਕਰਦੀ ਇਸ ਫ਼ਿਲਮ ਜ਼ਰੀਏ ਉਸਨੇ ਪਹਿਲੀ ਵਾਰ ਇਸ ਕਿਸਮ ਦਾ ਦਮਦਾਰ ਤੇ ਪ੍ਰਭਾਵਸ਼ਾਲੀ ਕਿਰਦਾਰ ਨਿਭਾਇਆ ਹੈ। ਇਸ ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਇਸ ਦਾ ਮਿਊਜ਼ਿਕ ਵੀ ਦਰਸ਼ਕਾਂ ਦਾ ਦਿਲ ਜਿੱਤਣ ਵਾਲਾ ਹੈ। ਫ਼ਿਲਮ ਦੇ ਗੀਤ ਹਰਮਨਜੀਤ, ਰਾਜ ਰਣਜੋਧ, ਨਵੀਂ ਫਿਰੋਜਪੁਰੀਆ ਤੇ ਕਪਤਾਨ ਨੇ ਲਿਖੇ ਹਨ। ਇਹਨਾਂ ਗੀਤਾਂ ਨੂੰ ਆਵਾਜ਼ ਪ੍ਰੇਮ ਢਿੱਲੋਂ, ਅਰਮਾਨ ਬੇਦਿਲ, ਕਪਤਾਨ ਅਤੇ ਰਾਜ ਰਣਜੋਧ ਨੇ ਦਿੱਤੀ ਹੈ। ਫ਼ਿਲਮ ਦਾ ਸੰਗੀਤ ਗੋਲਡ ਬੁਆਏ, ਰਾਜ ਰਣਜੋਧ, ਗੌਰਵ ਦੇਵ, ਕਾਰਤਿਵ ਦੇਵ ਤੇ ਓਪੀਆਈ ਮਿਊਜਿਕ ਨੇ ਤਿਆਰ ਕੀਤਾ ਹੈ। ਆਮ ਫਿਲਮਾਂ ਨਾਲੋਂ ਬਿਲਕੁਲ ਵੱਖਰੇ ਕਿਸਮ ਦੀ ਇਹ ਫ਼ਿਲਮ ਦਰਸ਼ਕਾਂ ਦੀ ਕਸਵੱਟੀ 'ਤੇ ਖਰਾ ਉਤਰੇਗੀ ਇਹ ਗੱਲ ਫ਼ਿਲਮ ਦੇ ਟ੍ਰੇਲਰ ਨੇ ਸਾਬਤ ਕਰ ਦਿੱਤੀ ਹੈ।

# ਫਿਲਮ 'ਮੁੰਡਾ ਸਾਊਥਹਾਲ ਦਾ' ਵਿੱਚ ਬਤੌਰ ਹੀਰੋਇਨ ਨਜ਼ਰ ਆਵੇਗੀ




ਦੇਸੀ ਰੌਕ ਸਟਾਰ ਗਿੱਪੀ ਗਰੇਵਾਲ ਨਾਲ 'ਸ਼ਾਵਾ ਨੀ ਗਿਰਧਾਰੀ ਲਾਲ ' ਅਤੇ ਫਿਰ 'ਯਾਰ ਮੇਰਾ ਤਿੱਤਲੀਆਂ ਵਰਗਾ' ਵਿੱਚ ਬਤੌਰ ਹੀਰੋਇਨ ਨਜਰ ਆਈ ਤੰਨੂ ਗਰੇਵਾਲ ਹੁਣ ਪੰਜਾਬੀ ਫ਼ਿਲਮ 'ਮੁੰਡਾ ਸਾਊ–ਥਹਾਲ ਦਾ' ਵਿੱਚ ਨਜ਼ਰ ਆਵੇਗੀ। ਇਸ ਫਿਲਮ ਵਿੱਚ ਉਹ ਇੱਕ ਵੱਖਰੇ ਹੀ ਗੈਟਅੱਪ ਤੇ ਕਿਰਦਾਰ ਵਿੱਚ ਨਜ਼ਰ ਆ ਰਹੀ ਹੈ। ਇਸ ਫ਼ਿਲਮ ਦਾ ਟ੍ਰੇਲਰ ਹਰ ਪਾਸੇ ਛਾਇਆ ਹੋਇਆ ਹੈ। ਅਗਸਤ ਨੂੰ ਰਿਲੀਜ ਹੋ ਰਹੀ ਇਸ ਫਿਲਮ ਨਾਲ ਤੰਨੂ ਦਰਸ਼ਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਹੋਰ ਪੱਕੀ ਕਰੇਗੀ। ਇਸ ਫਿਲਮ ਨੂੰ ਲ਼ੈ ਕੇ ਉਹ ਹਰ ਪਾਸੇ ਖ਼ੂਬ ਚਰਚਾ ਵਿੱਚ ਹੈ। ਨਿਰਦੇਸ਼ਕ ਸੁੱਖ ਸੰਘੇੜਾ ਦੀ ਇਸ ਫ਼ਿਲਮ ਵਿੱਚ ਉਹ ਪੰਜਾਬੀ ਗਾਇਕ ਅਰਮਾਨ ਬੇਦਿਲ ਨਾਲ ਬਤੌਰ ਨਾਇਕਾ ਨਜ਼ਰ ਆਵੇਗੀ। ਇਸ ਫ਼ਿਲਮ ਵਿੱਚ ਉਸਦਾ 'ਰਾਵੀ' ਨਾਂ ਦੀ ਕੁੜੀ ਦਾ ਕਿਰਦਾਰ ਹੈ ਜੋ ਉਸਦੀ ਜ਼ਿੰਦਗੀ ਦੇ ਬਹੁਤ ਨੇੜ੍ਹੇ ਹੈ । ਇਸ ਕਿਰਦਾਰ ਨੂੰ ਨਿਭਾਉਂਦਿਆ ਉਸਨੇ ਕਲਾ ਖੇਤਰ ਦਾ ਇੱਕ ਨਵਾਂ ਤਜ਼ਰਬਾ ਹਾਸਲ ਕੀਤਾ ਹੈ। ਉਸਦਾ ਕਹਿਣਾ ਹੈ ਕਿ ਹੁਣ ਤੱਕ ਦਰਸ਼ਕਾਂ ਨੇ ਉਸਨੂੰ ਇੱਕ ਦੇਸੀ ਪੰਜਾਬਣ ਦੇ ਕਿਰਦਾਰਾਂ ਵਿੱਚ ਹੀ ਵੇਖਿਆ ਹੈ ਜਦਕਿ ਇਸ ਫ਼ਿਲਮ 'ਮੁੰਡਾ ਸਾਊਥਹਾਲ ਵਿੱਚ' ਦਰਸ਼ਕ ਉਸਨੂੰ ਇੱਕ ਵੱਖਰੇ ਹੀ ਅੰਦਾਜ਼ ਵਿੱਚ ਦੇਖਣਗੇ। ਰਾਵੀ ਦਾ ਇਹ ਕਿਰਦਾਰ ਮੁੰਡਿਆਂ ਨੂੰ ਹੀ ਨਹੀਂ ਕੁੜੀਆਂ ਨੂੰ ਵੀ ਪਸੰਦ ਆਵੇਗਾ। ਰਾਵੀ ਦਾ ਕਿਰਦਾਰ ਹੁਣ ਉਸਦੀ ਜ਼ਿੰਦਗੀ ਦੇ ਸਭ ਤੋਂ ਨੇੜੇ ਹੈ। ਇਸ ਕਿਰਦਾਰ ਨਾਲ ਹਰ ਉਮਰ ਵਰਗ ਦੇ ਦਰਸ਼ਕ ਆਪਣੇ ਜ਼ਜਬਾਤਾਂ ਦੀ ਸ਼ਾਝ ਪਾਉਣਗੇ ਤੇ ਉਸ ਨਾਲ ਹਮਦਰਦੀ ਜਤਾਉਣਗੇ।

ਕੈਨੇਡਾ ਦੀ ਜੰਮਪਲ ਤਨੂੰ ਗਰੇਵਾਲ ਨੇ ਦੱਸਿਆ ਕਿ ਉਸਨੂੰ ਕਲਾ ਦਾ ਸ਼ੌਂਕ ਆਪਣੇ ਪਰਿਵਾਰਕ ਮਾਹੌਲ ਤੋਂ ਹੀ ਮਿਲਿਆ। ਘਰ ਵਿਚ ਪੰਜਾਬੀ ਗਾਣੇ ਅਤੇ ਫ਼ਿਲਮਾਂ ਵੇਖਣ ਦਾ ਸ਼ੌਂਕ ਸੀ। ਉਸਨੇ ਆਪਣੀ ਕਲਾ ਦੀ ਸ਼ੁਰੂਆਤ ਪੰਜਾਬੀ ਮਿਊਜ਼ਿਕ ਵੀਡੀਓਜ ਨਾਲ ਕੀਤੀ ਸੀ। ਮਸ਼ਹੂਰ ਗਾਇਕ ਕਰਨ ਔਜਲਾ ਦੇ ਚਰਚਿਤ ਗਾਣੇ 'ਚਿੱਟਾ ਕੁੜਤਾ' ਨਾਲ ਚਰਚਾ ਵਿੱਚ ਆਈ। ਤੰਨੂ ਚਿੱਠੀਆਂ, ਰਿਮ ਵਰਸਿਜ਼ ਝਾਂਜਰ ਅਤੇ ਲੌਂਟ ਆਨਾ ਗੀਤਾਂ ਸਮੇਤ ਦਰਜਨਾਂ ਗੀਤਾਂ ਵਿੱਚ ਆਪਣੀ ਛਾਪ ਛੱਡ ਚੁੱਕੀ ਹੈ। ਇਸ ਤੋਂ ਇਲਾਵਾ ਅੰਮ੍ਰਿਤ ਮਾਨ ਦੇ ਗੀਤ 'ਲਾਈਫ ਸਟਾਇਲ' ਅਤੇ ਰਾਜਵੀਰ ਜਵੰਦਾ ਦੇ 'ਪੰਜਾਬਣ' ਗੀਤਾਂ ਵਿੱਚ ਉਸਨੇ ਆਪਣੀ ਅਦਾਕਾਰੀ ਦਾ ਨਮੂਨਾ ਵੀ ਪੇਸ਼ ਕੀਤਾ। ਇਨ੍ਹਾਂ ਗੀਤਾਂ ਨੇ ਹੀ ਉਸ ਵਾਸਤੇ ਪੰਜਾਬੀ ਸਿਨੇਮੇ ਦੇ ਦਰਵਾਜ਼ੇ ਖੋਲੇ। ਜਿਸ ਸਦਕਾ ਉਸਨੂੰ ਗਿੱਪੀ ਗਰੇਵਾਲ ਦੀ ਫ਼ਿਲਮ 'ਸ਼ਾਵਾ ਨੀ ਗਿਰਧਾਰੀ ਲਾਲ' ਵਿੱਚ ਕੁਲਜੀਤ ਨਾਂ ਦੀ ਪੇਂਡੂ ਕੁੜੀ ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ। ਇਸ ਪਹਿਲੀ ਫ਼ਿਲਮ ਵਿਚਲੀ ਕਾਬਲੀਅਤ ਨੂੰ ਵੇਖਦਿਆਂ ਹੀ ਫ਼ਿਲਮ 'ਯਾਰ ਮੇਰਾ ਤਿੱਤਲੀਆਂ ਵਰਗਾ' ਲਈ ਉਸਨੂੰ ਮੁੱਖ ਕਿਰਦਾਰ ਲਈ ਚੁਣਿਆ ਗਿਆ, ਜਿਸ ਵਿੱਚ ਉਸਨੇ ਇੱਕ ਪੇਂਡੂ ਤੇ ਭੋਲੀ ਭਾਲੀ 'ਬੇਅੰਤ' ਨਾਂ ਦੀ ਕੁੜੀ ਦਾ ਕਿਰਦਾਰ ਨਿਭਾਇਆ। ਇਸ ਫ਼ਿਲਮ ਵਿੱਚ ਵੀ ਦਰਸ਼ਕਾਂ ਨੇ ਉਸਦੀ ਅਦਾਕਾਰੀ ਬਹੁਤ ਪਸੰਦ ਕੀਤੀ। ਇਸ ਤੋਂ ਇਲਾਵਾ ਉਸਨੇ ਫ਼ਿਲਮ 'ਮੌਜਾਂ ਹੀ ਮੌਜਾਂ' ਅਤੇ 'ਆਉਟ ਲਾਅ' ਪੰਜਾਬੀ ਵੈਬ ਸਿਰੀਜ਼ ਵਿਚ ਵੀ ਕੰਮ ਕੀਤਾ ਹੈ।

ਉਸਦੀ ਆ ਰਹੀ ਫ਼ਿਲਮ 'ਮੁੰਡਾ ਸਾਊਥਹਾਲ ਦਾ' ਨੂੰ ਨਾਮਵਰ ਵੀਡਿਓ ਡਾਇਰੈਕਟਰ ਸੁੱਖ ਸੰਘੇੜਾ ਨੇ ਲਿਖਿਆ ਤੇ ਡਾਇਰੈਕਟ ਕੀਤਾ ਹੈ। ਤੰਨੂ ਮੁਤਾਬਕ ਇਹ ਫ਼ਿਲਮ ਪੰਜਾਬੀ ਦੀ ਇੱਕ ਵੱਖਰੇ ਕਿਸਮ ਦੀ ਫ਼ਿਲਮ ਹੈ। ਇਹ ਫ਼ਿਲਮ ਪੰਜਾਬੀ ਸਿਨਮਾ ਨੂੰ ਇੱਕ ਕਦਮ ਹੋਰ ਅੱਗੇ ਲੈ ਕੇ ਜਾਵੇਗੀ। ਤੰਨੂ ਮੁਤਾਬਕ ਇਹ ਫਿਲਮ ਅਜੋਕੇ ਸਮਾਜ ਦੀ ਕਹਾਣੀ ਹੈ। ਇਹ ਫ਼ਿਲਮ ਵਿਦੇਸ਼ਾਂ ਵਿੱਚ ਪੱਕੇ ਹੋਣ ਖਾਤਰ ਕੀਤੇ ਜਾਂਦੇ ਰਿਸ਼ਤਿਆਂ ਦੇ ਘਾਣ ਦੀ ਗੱਲ ਕਰਦੀ ਹੈ। ਇਸ ਫ਼ਿਲਮ ਵਿਚ ਉਸ ਨਾਲ ਅਰਮਾਨ ਬੇਦਿਲ, ਸਰਬਜੀਤ ਚੀਮਾ, ਇਫ਼ਤਕਾਰ ਨਾਕੁਰ, ਪ੍ਰੀਤ ਔਜਲਾ, ਗੁਰਪ੍ਰੀਤ ਭੰਗੂ ਸਮੇਤ ਕਈ ਨਾਮੀ ਕਲਾਕਾਰਾਂ ਨੇ ਕੰਮ ਕੀਤਾ ਹੈ। ਤੰਨੂ ਮੁਤਾਬਕ ਇਹ ਫ਼ਿਲਮ ਉਸਦੀ ਦਰਸ਼ਕਾਂ ਵਿੱਚ ਪਹਿਚਾਣ ਹੋਰ ਗੂੜੀ ਕਰੇਗੀ।

–ਜਿੰਦ ਜਵੰਦਾ




# ਮਿੱਠੀ ਜੇਲ੍ਹ ਹੈ ਪਰਦੇਸਾਂ ਦਾ ਪਰਵਾਸ

-ਭਵਨਦੀਪ ਸਿੰਘ ਪੁਰਬਾ
ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ'
Ph. India 9988-92-9988, Canada 647-998-9143



ਵਿਦੇਸ਼ ਜਾਣ ਦੀ ਲਲਕ ਨੇ ਪੰਜਾਬੀਆਂ ਨੂੰ ਇੰਨਾ ਪਾਗਲ ਕਰ ਦਿੱਤਾ ਹੈ ਕਿ ਉਹ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਰਗੇ ਦੇਸ਼ਾਂ ਵਿੱਚ ਜਾਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਏਜੰਟਾਂ ਦੇ ਵਿਖਾਏ ਸਬਜ਼ਬਾਗ ਅਤੇ ਵਿਦੇਸ਼ਾਂ ਤੋਂ ਆਏ ਐਨ.ਆਰ.ਆਈ. ਜਦ ਭਾਰਤ ਵਿੱਚ ਆ ਕੇ ਖੁੱਲ੍ਹਾ-ਡੁੱਲ੍ਹਾ ਖਰਚਾ ਕਰਦੇ ਹਨ ਤਾਂ ਭਾਰਤ ਅਤੇ ਖਾਸ ਕਰਕੇ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵਿੱਚ ਜਾਣ ਲਈ ਤਰਲੋਮੱਛੀ ਹੋ ਜਾਂਦੇ ਹਨ।

ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਵਿਦੇਸ਼ਾ 'ਚ ਵੱਸਦੇ ਪੰਜਾਬੀਆਂ ਦੇ ਅਸਲ ਵਿੱਚ ਹਾਲਾਤ ਕੀ ਹਨ। ਉਹ 4-5 ਹਜ਼ਾਰ ਕ੍ਰੇਡਿਟ ਚੁੱਕ ਕੇ ਪੰਜਾਬ ਦੇ ਟੂਰ 'ਤੇ ਜਾਂਦੇ ਹਨ ਤੇ ਉੱਥੇ ਜਾ ਕੇ ਉਹ ਲੱਖਾਂ ਬਣ ਜਾਂਦੇ ਹਨ, ਜਿੰਨ੍ਹਾ ਨਾਲ ਉਹ ਖੁੱਲ੍ਹਾ-ਡੁੱਲ੍ਹਾ ਖਰਚਾ ਤੇ ਐਸ਼ਪ੍ਰਸਤੀ ਕਰਦੇ ਹਨ। ਉਨ੍ਹਾਂ ਨੂੰ ਵੇਖ ਕੇ ਪੰਜਾਬੀ ਨੌਜਵਾਨ ਸੋਚਦੇ ਹਨ ਕਿ ਬਾਹਰਲੇ ਮੁਲਕਾਂ ਵਿੱਚ ਪਤਾ ਨਹੀਂ ਕਿਹੜਾ ਕੁਬੇਰ ਦਾ ਖਜਾਨਾ ਪਿਆ ਹੈ। ਪਰ ਕੈਨੇਡਾ ਵਗੈਰਾ ਦੇਸ਼ਾਂ ਵਿੱਚ ਪਹੁੰਚ ਕੇ ਹੀ ਪਤਾ ਲੱਗਦਾ ਹੈ ਕਿ ਇਹ ਦੇਸ਼ ਕਲਪਨਾ ਵਿੱਚ ਕੁਝ ਹੋਰ ਹਨ ਤੇ ਅਸਲ ਵਿੱਚ ਕੁਝ ਹੋਰ।

ਸਭ ਤੋਂ ਪਹਿਲਾਂ ਤਾਂ ਇਨ੍ਹਾਂ ਯੂਰਪੀ ਕੰਟਰੀਆਂ ਵਿੱਚ ਆਉਣਾ ਔਖਾ ਹੈ, ਫਿਰ ਇੱਥੇ ਆ ਕੇ ਕੰਮ ਲੱਭਣੇ ਔਖੇ ਹਨ ਤੇ ਜੇ ਕੰਮ ਮਿਲ ਜਾਣ ਤਾਂ ਕੰਮ ਕਰਨੇ ਔਖੇ ਹਨ। ਕੱਚੇ ਤੌਰ 'ਤੇ ਵਿਦੇਸ਼ਾਂ ਵਿੱਚ ਰਹਿ ਰਹੇ ਵਿਅਕਤੀਆਂ ਲਈ ਤਾਂ ਇਹ ਜ਼ਿਆਦਾ ਹੀ ਮੁਸ਼ਕਿਲਾਂ ਭਰਿਆ ਹੁੰਦਾ ਹੈ। ਪੰਜਾਬ ਵਾਂਗ ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ ਲਾਲਚੀ ਏਜੰਟ ਪੰਜਾਬੀਆਂ ਦਾ ਰੱਜ ਕੇ ਸ਼ੋਸ਼ਣ ਕਰਦੇ ਹਨ। ਪੰਜਾਬੀ ਏਜੰਟ ਹੀ ਆਪਣੇ ਪੰਜਾਬੀ ਵੀਰਾਂ ਦੀ ਮਜਬੂਰੀ ਦਾ ਫਾਇਦਾ ਉਠਾਉਂਦੇ ਹੋਏ ਜੌਬ ਲੈਟਰ ਅਤੇ ਪੀ.ਆਰ੍ਹ ਕਰਵਾਉਣ ਦੇ ਝਾਂਸਿਆਂ ਵਿੱਚ ਕਈ-ਕਈ ਹਜਾਰ ਡਾਲਰ ਵਸੂਲਦੇ ਹਨ। ਸੁਨਹਿਰੇ ਭਵਿੱਖ ਦੀ ਕਲਪਨਾ 'ਚ ਵਿਅਕਤੀ ਕਈ-ਕਈ ਸਾਲ ਹੱਡ-ਭੰਨਵੀਂ ਮਿਹਨਤ ਕਰ ਕੇ ਕੀਤੀ ਸਾਰੀ ਕਮਾਈ ਏਜੰਟਾਂ ਨੂੰ ਦੇਣ ਲਈ ਮਜ਼ਬੂਰ ਹੋ ਜਾਂਦਾ ਹੈ।



ਸਟੱਡੀ ਬੇਸ 'ਤੇ ਆਏ ਬੱਚਿਆਂ ਦਾ ਤਾਂ ਇੱਥੇ ਬਿਲਕੁਲ ਬੁਰਾ ਹਾਲ ਹੈ।

ਜਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਚੰਗੇ ਪੈਸੇ ਵਾਲੇ ਹਨ, ਉਹ ਤਾਂ ਐਸ਼ਾਂ ਕਰਦੇ ਹਨ ਪਰ ਆਮ ਘਰਾਂ ਦੇ ਬੱਚਿਆਂ ਦੀ ਹਾਲਤ ਤਰਸਯੋਗ ਹੈ। ਕਈ ਵਿਦਿਆਰਥੀ ਰਾਤ ਨੂੰ ਕੰਮ ਕਰਦੇ ਹਨ, ਦਿਨੇ ਕਾਲਜ ਜਾਂਦੇ ਹਨ। ਉਨ੍ਹਾਂ ਦੀਆਂ ਨੀਂਦਾਂ ਵੀ ਪੂਰੀਆਂ ਨਹੀਂ ਹੁੰਦੀਆਂ। ਮਾਪਿਆਂ ਦੇ ਦੁੱਧ ਮੱਖਣਾਂ ਨਾਲ ਪਾਲੇ ਮੁੰਡੇ-ਕੁੜੀਆਂ ਇੱਥੇ ਹੋਟਲਾਂ, ਫੈਕਟਰੀਆਂ ਆਦਿ ਵਿੱਚ ਨੌਕਰਾਂ ਵਾਂਗ ਕੰਮ ਕਰਦੇ ਹਨ। ਸੁਨਹਿਰੇ ਭਵਿੱਖ ਦੀ ਆਸ ਵਿੱਚ ਆਪਣੇ ਮਾਪਿਆਂ ਦੇ ਪਿਆਰ ਤੋਂ ਵਾਂਝੇ ਬੱਚਿਆਂ ਦੇ ਸੁਪਨੇ ਸਾਕਾਰ ਹੋਣਗੇ ਜਾਂ ਨਹੀਂ ਇਹ ਦਾ ਵਕਤ ਹੀ ਦੱਸੇਗਾ।

ਜਦੋਂ ਕਦੇ ਦਿਨ, ਕਦੇ ਰਾਤ! ਕਦੀ ਕੋਈ ਕੰਮ ਅਤੇ ਕਦੇ ਕੋਈ ਕੰਮ ਕਰਕੇ ਆਪਣੇ ਮਾਤਾ-ਪਿਤਾ ਅਤੇ ਧੀਆਂ-ਪੁੱਤਰਾਂ ਤੋਂ ਦੂਰ ਹੋ ਕੇ ਕੀਤੀਆਂ ਜਾਂਦੀਆਂ ਕਮਾਈਆਂ ਅਤੇ ਵਿਛੋੜੇ ਦਾ ਦਰਦ ਝੱਲਣਾ ਪੈਂਦਾ ਹੈ ਤਾਂ ਆਪਣੇ ਸੋਹਣੇ ਦੇਸ਼ ਪੰਜਾਬ ਬਾਰੇ ਖਿਆਲ ਆਉਂਦਾ ਹੈ। ਸਾਡਾ ਰੰਗਲਾ ਪੰਜਾਬ, ਜਿਸ ਦੀ ਧਰਤੀ 'ਤੇ ਅੱਜ ਭ੍ਰਿਸ਼ਟਾਚਾਰ, ਬੇਰੁਜਗਾਰੀ, ਨਸ਼ੇ ਆਦਿ ਕੁਰੀਤੀਆਂ ਨੇ ਪੈਰ ਜਮਾਏ ਹੋਏ ਹਨ, ਇਸ ਸਭ ਦੇ ਬਾਵਜੂਦ ਵੀ ਪੰਜਾਬ ਵਿੱਚ ਕਦੇ ਕੋਈ ਭੁੱਖਾ ਨਹੀਂ ਸੌਂਦਾ। ਇੱਕ-ਇੱਕ ਆਦਮੀ ਕਮਾਈ ਕਰਕੇ ਸਾਰੇ ਟੱਬਰ ਦਾ ਪੇਟ ਪਾਲ ਸਕਦਾ ਹੈ ਪਰ ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਿੱਚ ਸਾਰਾ-ਸਾਰਾ ਟੱਬਰ ਕਮਾ ਕੇ ਹੀ ਆਪਣਾ ਘਰ ਤੋਰ ਸਕਦਾ ਹੈ।



ਚਾਹੇ ਪਹਿਲਾਂ ਆਏ ਪੰਜਾਬੀਆਂ ਨੇ ਕੈਨੇਡਾ ਵਿੱਚ ਕਈ ਮੁਕਾਮ ਹਾਸਲ ਕੀਤੇ ਹਨ। ਇੱਥੇ ਪੜ੍ਹਾਈ ਕਰਕੇ ਚੰਗੀਆਂ ਨੌਕਰੀਆਂ ਲਈਆਂ ਹਨ। ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੋਏ ਹਨ। ਆਪਣੇ ਘਰ ਤੇ ਆਪਣੇ ਬਿਜਨਸ ਕਰਜਾ ਮੁਕਤ ਕਰ ਲਏ ਹਨ ਪਰ ਅਜਿਹੇ ਪੰਜਾਬੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇੱਥੇ ਇਹ ਵੀ ਜਿਕਰਯੋਗ ਹੈ ਕਿ ਉਹ ਚਾਹੇ ਆਪਣੇ-ਆਪ ਨੂੰ ਪੰਜਾਬੀ ਅਖਵਾਉਂਦੇ ਹਨ ਪਰ ਉਨ੍ਹਾਂ ਦੇ ਪੋਤੇ-ਪੜੋਤੇ ਪੰਜਾਬੀ ਨਹੀਂ ਹੋਣਗੇ। ਉਹ ਆਪ ਪੰਜਾਬ ਵਿੱਚ ਗੇੜੇ ਲਾਉਣਗੇ। ਉਨ੍ਹਾਂ ਨੂੰ ਪੰਜਾਬ ਦਾ ਮੋਹ ਹੈ। ਉਨ੍ਹਾਂ ਦੇ ਧੀਆਂ-ਪੁੱਤ ਕਦੇ-ਕਦਾਈ ਪੰਜਾਬ ਵੇਖਣ ਜਾ ਸਕਦੇ ਹਨ ਪਰ ਉਨ੍ਹਾਂ ਦੇ ਪੋਤੇ-ਪੜੋਤੇ ਕਦੇ ਪੰਜਾਬ ਨਹੀਂ ਜਾਣਗੇ। ਉਹ ਕੈਨੇਡਾ ਵਿੱਚ ਜੰਮਣਗੇ, ਕੈਨੇਡਾ ਵਿੱਚ ਪੜ੍ਹਨਗੇ ਤੇ ਕੈਨੇਡਾ ਦੇ ਮਾਹੌਲ ਨੂੰ ਅਪਣਾ ਕੇ ਆਪਣੀ ਮਰਜੀ ਨਾਲ ਜ਼ਿੰਦਗੀ ਜਿਉਣਗੇ। ਉਹ ਪੰਜਾਬੀ ਨਹੀਂ ਹੋਣਗੇ, ਉਹ ਸਿਰਫ ਕੈਨੇਡੀਅਨ ਹੀ ਹੋਣਗੇ।

ਕੈਨੇਡਾ ਦੀਆਂ ਖੂਬੀਆਂ ਅਤੇ ਮੁਸ਼ਕਿਲਾਂ ਦਾ ਸਿਰਫ ਉਸ ਇਨਸਾਨ ਨੂੰ ਹੀ ਫਰਕ ਨਜ਼ਰ ਆਵੇਗਾ ਜਿਸ ਨੇ ਪੰਜਾਬ ਦੀ ਜਿੰਦਗੀ ਨੂੰ ਵੇਖਿਆ ਹੈ। ਕੈਨੇਡਾ ਵਿੱਚ ਜੰਮੇ ਬੱਚਿਆਂ ਨੂੰ ਕੀ ਪਤਾ ਕਿ ਪੰਜਾਬ ਚੰਗਾ ਹੈ ਜਾਂ ਕੈਨੇਡਾ! ਜਿਹੜੇ ਵਿਅਕਤੀ ਪੰਜਾਬ ਤੋਂ ਕਈ-ਕਈ ਮੁਸ਼ਕਲਾਂ ਝੱਲ ਕੇ ਕੈਨੇਡਾ ਪਹੁੰਚੇ ਹਨ ਤੇ ਕੈਨੇਡਾ ਜਾ ਕੇ ਕਈ-ਕਈ ਮੁਸ਼ਕਲਾਂ ਮੁਸੀਬਤਾਂ ਝੱਲ ਕੇ ਕੈਨੇਡਾ ਸੈਟਲ ਹੋਏ ਹਨ ਉਹ ਹੀ ਜਾਣਦੇ ਹਨ ਕਿ ਇਸ ਮਿਹਨਤ ਨੇ ਕੀ ਖੁਸ਼ੀਆਂ ਦਿੱਤੀਆਂ ਹਨ। ਜਿਸ ਨੂੰ ਸਭ ਕੁਝ ਕੀਤਾ-ਕਰਾਇਆ ਮਿਲ ਗਿਆ ਉਸ ਨੂੰ ਇਨ੍ਹਾਂ ਖੁਸ਼ੀਆਂ ਦਾ ਕੋਈ ਆਨੰਦ ਨਹੀਂ ਹੋਵੇਗਾ।

ਭਾਵੇਂ ਕੈਨੇਡਾ ਵਰਗੇ ਦੇਸ਼ਾਂ ਵਿੱਚ ਲੱਖ ਮੁਸੀਬਤਾਂ ਝੱਲ ਕੇ ਗੁਜਾਰਾ ਹੁੰਦਾ ਹੈ ਪਰ ਇੱਥੋਂ ਦੀਆਂ ਸੁਖ-ਸਹੂਲਤਾਂ ਅਤੇ ਆਪਣੀ ਕੀਤੀ ਮਿਹਨਤ ਦਾ ਮੁੱਲ ਵੇਖ ਕੇ ਇਹ ਦੇਸ਼ ਜ਼ਰੂਰ ਸਵਰਗਾਂ ਦਾ ਅਹਿਸਾਸ ਕਰਵਾਉਂਦੇ ਹਨ। ਇਹ ਵੀ ਇੱਕ ਸੱਚਾਈ ਹੈ ਕਿ ਕੈਨੇਡਾ ਦੀ ਮੁਸ਼ਕਲ ਭਰੀ ਜਿੰਦਗੀ ਹਰ ਕੋਈ ਬਿਆਨ ਕਰਦਾ ਹੈ ਪਰ ਪੰਜਾਬ ਨੂੰ ਵਾਪਸ ਬਹੁਤ ਘੱਟ ਲੋਕ ਮੁੜਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਵੱਸਦੇ ਲੋਕ ਐਨ.ਆਰ.ਆਈਜ ਦੁਆਰਾ ਦੱਸੀਆਂ ਮੁਸ਼ਕਲਾਂ ਨੂੰ ਸੱਚ ਨਹੀਂ ਮੰਨਦੇ ਤੇ ਕਹਿੰਦੇ ਹਨ ਕਿ ਜੇਕਰ ਕੈਨੇਡਾ ਵਿੱਚ ਇੰਨੀਆਂ ਮੁਸ਼ਕਲਾਂ ਹਨ ਤਾਂ ਤੁਸੀਂ ਵਾਪਸ ਕਿਉਂ ਨਹੀਂ ਆ ਜਾਂਦੇ? ਐਨ.ਆਰ.ਆਈਜ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਹੁੰਦਾ, ਜਿਸ ਕਾਰਨ ਪੰਜਾਬ ਵਾਸੀ ਐਨ.ਆਰ.ਆਈਜ ਨੂੰ ਝੂਠਾ ਸਮਝਦੇ ਹਨ ਕਿ ਸਾਨੂੰ ਬੁਲਾਉਣ ਦੇ ਮਾਰੇ ਇਹ ਗੱਲਾਂ ਆਖਦੇ ਹਨ ਪਰ ਸਭ ਨੂੰ ਕਿਂਝ ਸਮਝਾਇਆ ਜਾਵੇ ਕਿ ਕੈਨੇਡਾ ਮਿੱਠੀ ਜੇਲ੍ਹ ਹੈ ਜਿਸ ਵਿਚੋਂ ਵਾਪਸ ਆਉਣ ਨੂੰ ਵੀ ਦਿਲ ਨਹੀਂ ਕਰਦਾ।






## ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੀਆਂ ਮਹਿਲਾਵਾਂ ਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ - ਵਿਧਾਇਕ ਡਾ. ਅਮਨਦੀਪ ਕੋਰ ਅਰੋੜਾ



ਮੋਗਾ/ ਭਵਨਦੀਪ ਸਿੰਘ ਪੁਰਬਾ

ਆਮ ਆਦਮੀ ਪਾਰਟੀ ਦੀਆਂ ਲੋਕ ਭਲਾਈ ਨੀਤੀਆਂ ਤੋਂ ਪ੍ਰਭਾਵਿਤ ਹੋਈਆਂ ਆਗੂ ਮਹਿਲਾਵਾਂ ਰਮਨਦੀਪ ਕੋਰ ਡਰੋਲੀ ਭਾਈ, ਜਸਕਰਣਦੀਪ ਕੋਰ ਚੰਦ ਨਵਾਂ, ਰਵੀ ਸ਼ਰਮਾ ਮੋਗਾ ਤੇ ਬਲਵਿੰਦਰ ਕੋਰ ਨੇ ਅਗਰਵਾਲ ਸਮਾਜ ਮਹਿਲਾ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਲਵਲੀ ਸਿੰਗਲਾ ਦੇ ਯਤਨਾ ਸਦਕਾ ਕਾਂਗਰਸ, ਅਕਾਲੀ ਦਲ ਤੇ ਬੀ.ਜੇ.ਪੀ. ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ। ਇਨ੍ਹਾਂ ਮਹਿਲਾਵਾਂ ਨੂੰ ਹਲਕਾ ਵਿਧਾਇਕ ਡਾਕਟਰ ਅਮਨਦੀਪ ਕੋਰ ਅਰੋੜਾ ਨੇ ਪਾਰਟੀ ਦਾ ਰੀਬਨ ਪਹਿਣਾ ਕੇ ਪਾਰਟੀ ਵਿੱਚ ਸ਼ਾਮਿਲ ਕੀਤਾ।

ਇਸ ਮੌਕੇ ਉਪਰੋਕਤ ਮਹਿਲਾਵਾਂ ਦਾ ਸਵਾਗਤ ਕਰਦਿਆ ਡਾ. ਅਮਨਦੀਪ ਕੋਰ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੀਆਂ ਇਨ੍ਹਾਂ ਮਹਿਲਾਵਾਂ ਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਇਸ ਗੱਲ ਦੀ ਖੁਸ਼ੀ ਪ੍ਰਗਟ ਕੀਤੀ ਕਿ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਤੋਂ ਹਰ ਵਰਗ ਖੁਸ਼ ਹੈ ਜਿਸ ਕਾਰਨ ਬਹੁੱਤ ਸਾਰੇ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਕਈ ਅਹੁਦੇਦਾਰ ਅਤੇ ਵਲੰਟੀਅਰ ਹਾਜਰ ਸਨ।

## ਪੰਜਾਬ ਸਰਕਾਰ ਵੱਲੋਂ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸ ਦੇ ਬੋਰਡ ਦਾ ਗਠਨ

### ਡਾ. ਗੁਰਪ੍ਰੀਤ ਸਿੰਘ ਵਾਂਦਰ ਬੋਰਡ ਦੇ ਚੇਅਰਮੈਨ, ਮੋਗਾ ਤੋਂ ਡਾ. ਅਮਨਦੀਪ ਕੌਰ ਬੋਰਡ ਕਮੇਟੀ ਦੇ ਮੈਂਬਰ ਨਿਯੁਕਤ



ਮੋਗਾ, ਚੰਡੀਗੜ੍ਹ/ ਭਵਨਦੀਪ

ਪੰਜਾਬ ਸਰਕਾਰ ਵੱਲੋਂ ਬਾਬਾ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸ ਦੇ ਬੋਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਡਾ. ਗੁਰਪ੍ਰੀਤ ਸਿੰਘ ਵਾਂਦਰ ਨੂੰ ਬੋਰਡ ਦੇ ਚੇਅਰਮੈਨ ਬਣਾਇਆ ਗਿਆ ਹੈ। ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਅਤੇ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸੇਖੋਂ ਨੂੰ ਕਮੇਟੀ ਵਿੱਚ ਮੈਂਬਰ ਵਜੋ ਸ਼ਾਮਲ ਕੀਤਾ ਗਿਆ ਹੈ।

ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੀ ਇਸ ਯੂਨੀਵਰਸਿਟੀ ਵਿੱਚ ਮੈਂਬਰ ਵਜੋਂ ਨਿਯੁਕਤੀ ਮੋਗਾ ਵਾਸੀਆਂ ਲਈ ਮਾਣ ਵਾਲੀ ਗੱਲ ਹੈ। ਮੈਡਮ ਅਮਨਦੀਪ ਕੌਰ ਦੀ ਇਹ ਨਿਯੁਕਤੀ ਹੋਣ ਤੇ ਮੋਗਾ ਹਲਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਇਸ ਸਬੰਧੀ ਟਵੀਟ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੈਂ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਵੱਲੋਂ ਮੈਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਅਤੇ ਮੈਨੂੰ ਬਤੌਰ ਮੈਂਬਰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੈਂ ਯਕੀਨ ਦਵਾਉਂਦੀ ਹਾਂ ਕਿ ਮਾਨ ਸਰਕਾਰ ਵੱਲੋਂ ਦਿੱਤੀ ਗਈ ਇਹ ਜ਼ਿੰਮੇਵਾਰੀ ਮੈਂ ਪੂਰੀ ਇਮਾਨਦਾਰੀ ਨਾਲ ਨਿਭਾਵਾਂਗੀ।

## ਮਨੀਪੁਰ ਦੀਆਂ ਘਟਨਾਵਾਂ ਅਤਿ ਸ਼ਰਮਨਾਕ ਅਤੇ ਦੇਸ਼ ਉੱਪਰ ਕਾਲਾ ਧੱਬਾ ਹਨ -ਬਾਬਾ ਬਲਦੇਵ ਸਿੰਘ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ



ਖੁਖਰਾਣਾ (ਮੋਗਾ) / ਇਕਬਾਲ ਸਿੰਘ ਖੋਸਾ

ਮਨੀਪੁਰ 'ਚ ਵਾਪਰੀਆਂ ਘਟਨਾਵਾਂ ਦਰਿੰਦਗੀ ਅੱਤਿਆਰ ਤੇ ਬੇਸ਼ਰਮੀ ਦਾ ਸਿਰਾ ਹਨ। ਦੇਸ਼ ਦੇ ਹਾਕਮਾਂ ਨੂੰ ਚੱਪਣੀ ਵਿੱਚ ਨੱਕ ਡੋਬ ਕੇ ਮਰ ਜਾਣਾ ਚਾਹੀਦੈ ਹੈ। ਇਹਨਾਂ ਸਬਦਾਂ ਦਾ ਪ੍ਰਗਟਾਵਾ ਸੰਤ ਬਾਬਾ ਬਲਦੇਵ ਸਿੰਘ ਜੋਗੇਵਾਲਾ ਅਤੇ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਸਾਡੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਅੱਗੇ ਕਿਹਾ ਕਿ ਜਿਹੜਾ ਕੁਝ ਨਵੰਬਰ ਚੌਰਾਸੀ 'ਚ ਸਿੱਖਾਂ ਨਾਲ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ 'ਚ ਕੀਤਾ ਗਿਆ ਸੀ ਉਹ ਕੁਝ ਹੀ ਮਨੀਪੁਰ ਦੇ ਘੱਟ ਗਿਣਤੀ ਕੁਕੀ ਭਾਈਚਾਰੇ ਨਾਲ ਕੀਤਾ ਜਾ ਰਿਹਾ ਹੈ।ਇਸ ਦੇਸ਼ ਵਿੱਚ ਸਾਲ 'ਚ ਕਈ ਵਾਰ ਇਹ ਘਟਨਾਵਾਂ ਘਟਦੀਆਂ ਹਨ। ਲੁੱਚੇ ਲੁਫੰਗੇ ਬਲਾਤਕਾਰੀਆਂ ਦੀ ਪੁਸ਼ਤ ਪਨਾਹੀ ਕੀਤੀ ਜਾਦੀ ਹੈ ਜਿਸ ਦੀ ਮਸ਼ਾਲ ਸਭ ਦੇ ਸਾਹਮਣੇ ਹੈ।

ਉਨ੍ਹਾਂ ਕਿਹਾ ਕਿ ਡੇਰਾ ਸਿਰਸਾ ਮੁਖੀ ਨੂੰ ਬਾਰਬਾਰ ਪੈਰੋਲ ਦੇਣਾ ਜੋ ਕਿ ਕਾਨੂੰਨ ਨਾਲ ਮਜ਼ਾਕ ਹੈ। ਡੇਰਾ ਸਿਰਸਾ ਮੁਖੀ ਤੇ ਬਲਾਤਕਾਰ, ਕਤਲ ਤੇ ਹੋਰ ਕਈ ਸੰਗੀਨ ਇਲਜ਼ਾਮ ਹਨ ਇਸ ਦੇ ਬਾਵਜੂਦ ਸਰਕਾਰਾਂ ਉਸ ਤੇ ਮਿਹਰਬਾਨ ਹਨ। ਇਕ ਪਾਸੇ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਬੰਦੀ ਸਿੱਖ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਬੰਦ ਹਨ ਤੇ ਦੂਜੇ ਪਾਸੇ ਅਪਰਾਧੀਆਂ ਨੂੰ ਸਰਕਾਰ ਪੈਰੋਲ ਦੇ ਰਹੀ ਹੈ।

ਮਨੀਪੁਰ ਘਟਨਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਆਜ਼ਾਦ ਭਾਰਤ ਦੇ ਇਤਿਹਾਸ ਦਾ ਕਾਲਾ ਅਧਿਆਏ ਹੈ। ਜਿਸ ਦੇਸ਼ ਵਿਚ ਔਰਤਾਂ ਦੀ ਪੂਜਾ ਕੀਤੀ ਜਾਂਦੀ ਹੈ ਉਸੇ ਦੇਸ਼ ਵਿਚ ਔਰਤਾਂ ਨੂੰ ਨੰਗੇ ਕਰਕੇ ਘੁਮਾਉਣਾ ਸ਼ਰਮਨਾਕ ਕਾਰਾ ਹੈ। ਉਹਨਾਂ ਕਿਹਾ ਕਿ ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਦਾ ਭਾਰਤੀ ਜਨਤਾ ਪਾਰਟੀ ਦਾ ਸੁਫਨਾ ਸਾਕਾਰ ਹੋ ਰਿਹਾ ਲਗਦਾ ਹੈ। ਅਸੀਂ ਬੇਸ਼ਰਮੀ ਵਿਚ ਵਿਸ਼ਵ ਗੁਰੂ ਬਣ ਰਹੇ ਹਾਂ। ਉਹਨਾਂ ਡੇਰਾ ਸਿਰਸਾ ਮੁਖੀ ਦੀ ਪੈਰੋਲ ਰਦ ਕਰਨ ਅਤੇ ਮਨੀਪੁਰ ਘਟਨਾਵਾਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ।ਮਨੀਪੁਰ ਦੀ ਇਸ ਘਿਨਾਉਣੀ ਹਰਕਤ ਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ, ਗਿਆਨੀ ਹਰਪ੍ਰੀਤ ਸਿੰਘ ਜੋਗੇਵਾਲਾ, ਗਿਆਨੀ ਅਮਰੀਕ ਸਿੰਘ ਜ਼ੀਰਾ, ਗਿਆਨੀ ਜਸਵਿੰਦਰ ਸਿੰਘ ਟਿੰਡਵਾਂ, ਗਿਆਨੀ ਪ੍ਰਮਿੰਦਰ ਸਿੰਘ ਦਮਦਮੀ ਟਕਸਾਲ, ਸ. ਊਧਮ ਸਿੰਘ ਕਲਕੱਤਾ (ਪ੍ਰਧਾਨ ਗੁਰਦੁਆਰਾ ਪਾਤਸ਼ਾਹੀ ਛੇਵੀਂ ਪਿੰਡ ਖੁਖਰਾਣਾ), ਬਲਜਿੰਦਰ ਸਿੰਘ ਖੁਖਰਾਣਾ, ਹਰਪ੍ਰੀਤ ਸਿੰਘ ਸੇਖੋਂ ਆਦਿ ਵੱਲੋਂ ਵੀ ਗਹਿਰਾ ਦੁੱਖ ਅਤੇ ਅਫਸੋਸ ਪ੍ਰਗਟ ਕੀਤਾ ਗਿਆ।

## ਮੋਗਾ ਰੇਲਵੇ ਸਟੇਸ਼ਨ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਤਹਿਤ ਲਿਆਉਣ ਲਈ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪ੍ਰਧਾਨ ਮੰਤਰੀ ਤੇ ਰੇਲ ਮੰਤਰੀ ਲਿੱਖਿਆ ਪੱਤਰ

### ਇਸ ਸਬੰਧ ਵਿੱਚ ਜਲਦ ਹੀ ਵਫਦ ਰੇਲਵੇ ਮੰਤਰੀ ਮਿਲੇਗਾ -ਡਾ. ਅਮਨਦੀਪ ਕੌਰ ਅਰੋੜਾ




Total Cost: 12.64 Cr. (Soft Upgradation P/F Raising = 6.57 Cr. & 12 Meter Wide FOB = 6.07Cr.)

ਮੋਗਾ / ਭਵਨਦੀਪ ਸਿੰਘ ਪੁਰਬਾ

ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਵੱਲੋਂ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ ਪੰਜਾਬ ਦੇ ਰੇਲਵੇ ਸਟੇਸ਼ਨਾਂ ਨੂੰ 'ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ' ਤਹਿਤ ਲਿਆ ਕੇ ਉਹਨਾਂ ਦਾ ਉਦਘਾਟਨ ਕੀਤਾ ਸੀ। ਇਸ ਯੋਜਨਾ ਦੇ ਚੱਲਦੇ 30 ਰੇਲਵੇ ਸਟੇਸਨ ਬਣਾਏ ਜਾਣੇ ਸਨ, ਜਿਨ੍ਹਾਂ ਵਿਚ ਮੋਗਾ ਵੀ ਸ਼ਾਮਲ ਸੀ। ਪਰ ਸਿਆਸੀ ਦਖਲ ਅੰਦਾਜੀ ਦੇ ਚੱਲਦਿਆ ਮੋਗਾ ਰੇਲਵੇ ਸਟੇਸ਼ਨ ਨੂੰ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਤਹਿਤ ਬਾਹਰ ਕੱਢਿਆ ਗਿਆ।

ਇਸ ਦੇ ਮੋਗਾ ਰੇਲਵੇ ਸਟੇਸ਼ਨ ਨੂੰ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ ਨਾ ਆਉਣ ਕਾਰਨ ਮੋਗਾ ਨਿਵਾਸੀਆ ਵਿਚ ਰੋਸ਼ ਦੀ ਲਹਿਰ ਹੈ। ਜਿਸ ਦੇ ਚੱਲਦਿਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੇਲ ਮੰਤਰੀ ਨੂੰ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਪੱਤਰ ਲਿਖਿਆ ਅਤੇ ਉਹਨਾਂ ਨੂੰ 'ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ' ਦੇ ਤਹਿਤ ਮੋਗਾ ਰੇਲਵੇ ਸਟੇਸ਼ਨ ਨੂੰ ਵੀ ਲਿਆਉਣ ਦੀ ਮੰਗ ਕੀਤੀ।

ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਉਹਨਾਂ ਦੀ ਅਗਵਾਹੀ ਹੇਠ ਇੱਕ ਵਫਦ ਭਾਰਤ ਦੇ ਰੇਲਵੇ ਮੰਤਰੀ ਨੂੰ ਮਿਲੇਗਾ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਸਮੇਂ-ਸਮੇਂ ਦੀ ਸਰਕਾਰਾਂ ਨੇ ਮੋਗਾ ਸ਼ਹਿਰ ਨੂੰ ਵਿਕਾਸ ਪੱਖੋ ਪਿਛਾੜ ਕੇ ਰੱਖ ਦਿੱਤਾ ਹੈ। ਉਹਨਾਂ ਕਿਹਾ ਕਿ ਮੋਗਾ ਦੀ ਮੰਡੀ ਏਸ਼ੀਆ ਦੀ ਸਭ ਤੋਂ ਵੱਡੀ ਮੰਨੀ ਗਈ ਹੈ ਅਤੇ ਮੋਗਾ ਵਿਖੇ ਕਈ ਇੰਡ-ਸਟਰੀ ਅਤੇ ਕਈ ਵਪਾਰ ਦੇ ਕਾਰੋਬਾਰ ਹਨ ਅਤੇ ਮੋਗਾ ਵਿਖੇ ਰੋਜ਼ਾਨਾ ਲੱਗਦੀਆ ਕਣਕ, ਝੋਨੇ ਦੀ ਸਪੈਸ਼ਲਾਂ ਕਾਰਨ ਮੋਗਾ ਰੇਲਵੇ ਸਟੇਸ਼ਨ ਦੀ ਆਮਦਨੀ ਘੱਟ ਨਹੀਂ ਹੈ। ਪਰ ਬੀਤੇ ਦਿਨੀ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ ਮੋਗਾ ਰੇਲਵੇ ਸਟੇਸ਼ਨ ਦਾ ਨਾਮ ਨਾ ਆਉਣ ਕਾਰਨ ਮੋਗਾ ਨਿਵਾਸੀਆ ਵਿਚ ਭਾਰੀ ਰੋਸ਼ ਪਾਇਆ ਗਿਆ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੋਗਾ ਸ਼ਹੀਦਾਂ ਦੀ ਧਰਤੀ ਹੈ ਅਤੇ ਉਹ ਕੇਂਦਰ ਦੀ ਮੋਦੀ ਸਰਕਾਰ ਤੇ ਰੇਲਵੇ ਮੰਤਰੀ ਨੂੰ ਅਪੀਲ ਕਰਦੀ ਹੈ ਕਿ ਮੋਗਾ ਰੇਲਵੇ ਸਟੇਸ਼ਨ ਨੂੰ ਵੀ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਵਿਚ ਲਿਆਂਦਾ ਜਾਵੇ ਤਾਂ ਜੋ ਮੋਗਾ ਰੇਲਵੇ ਸਟੇਸ਼ਨ ਨੂੰ ਵਧੀਆ ਬਣਾ ਕੇ ਲੋਕਾਂ ਨੂੰ ਸਹੂਲਤਾਂ ਮੁਹੱਈਆ ਹੋ ਸਕਣ।

## ਮਨੀਪੁਰ ਅਤੇ ਹਰਿਆਣਾ ਅੰਦਰ ਘੱਟ ਗਿਣਤੀਆਂ ਤੇ ਹੋ ਰਿਹਾ ਜ਼ੁਲਮ ਭਾਜਪਾ ਦੀ ਗਿਣੀ ਮਿਥੀ ਸਾਜ਼ਿਸ਼ -ਮਨਜੀਤ ਧਨੇਰ, ਹਰਨੇਕ ਮਹਿਮਾ




ਬਠਿੰਡਾ/ ਮਵਦੀਲਾ ਬਿਓਰੋ

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾ ਕਮੇਟੀ ਦੀ ਮੀਟਿੰਗ ਬਠਿੰਡਾ ਦੇ ਗੁਰਦੁਆਰਾ ਹਾਜੀ ਰਤਨ ਸਾਹਿਬ ਵਿਖੇ ਮਨਜੀਤ ਸਿੰਘ ਧਨੇਰ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਅਗਵਾਈ ਹੇਠ ਚੱਲ ਰਹੇ ਸੰਘਰਸ਼ਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿ ਮੀਟਿੰਗ ਵਿੱਚ ਦੇਸ਼ ਅਤੇ ਪੰਜਾਬ ਦੇ ਹਾਲਾਤਾਂ ਤੇ ਚਰਚਾ ਦੌਰਾਨ ਮੀਟਿੰਗ ਨੇ ਸਰਬ ਸੰਮਤੀ ਨਾਲ ਨੋਟ ਕੀਤਾ ਕਿ ਮਨੀਪੁਰ ਅਤੇ ਹਰਿਆਣਾ ਵਿਖੇ ਭਾਜਪਾ ਵੱਲੋਂ ਘੱਟ ਗਿਣਤੀਆਂ ਖ਼ਿਲਾਫ਼ ਬਕਾਇਦਾ ਸਾਜ਼ਿਸ਼ ਬਣਾ ਕੇ ਹਿੰਸਾ ਭੜਕਾਈ ਗਈ ਹੈ। ਇਹ ਭਾਜਪਾ ਅਤੇ ਆਰ ਐੱਸ ਐੱਸ ਦੀ ਘੱਟ ਗਿਣਤੀਆਂ ਵਿਰੋਧੀ ਪਹਿਲਾਂ ਤੋਂ ਹੀ ਚੱਲੀ ਆ ਰਹੀ ਮਨੂੰਵਾਦੀ ਨੀਤੀ ਦਾ ਜਾਰੀ ਰੂਪ ਹੈ। ਭਾਜਪਾ ਸਰਕਾਰ ਵੱਲੋਂ ਮਨੀਪੁਰ ਅੰਦਰ ਬਲਾਤਕਾਰੀਆਂ ਅਤੇ ਕਾਤਲਾਂ ਨੂੰ ਖੁੱਲ੍ਹੀ ਛੋਟ ਦੇਣੀ, ਉਹਨਾਂ ਖਿਲਾਫ ਅੱਸੀ ਦਿਨਾਂ ਤੱਕ ਕਾਨੂੰਨੀ ਕਾਰਵਾਈ ਨਾ ਕਰਨੀ। ਇਸੇ ਤਰ੍ਹਾਂ ਹਰਿਆਣੇ ਅੰਦਰ ਮੋਨੂੰ ਮਾਨੇਸਰ ਵਰਗੇ ਕਾਤਲ ਨੂੰ ਪੂਰੀ ਖੁੱਲ੍ਹ ਦਿੱਤੀ ਗਈ ਕਿ ਉਹ ਘੱਟ ਗਿਣਤੀ ਭਾਈਚਾਰੇ ਨੂੰ ਜ਼ਲੀਲ ਕਰ ਕੇ ਹਿੰਸਾ ਭੜਕਾਵੇ ਅਤੇ ਹੁਣ ਸਰਕਾਰੀ ਗੁੰਡਾਗਰਦੀ ਦਾ ਬੁਲਡੋਜ਼ਰ ਵੀ ਘੱਟ ਗਿਣਤੀ ਭਾਈਚਾਰੇ ਖ਼ਿਲਾਫ਼ ਵਰਤਿਆ ਜਾ ਰਿਹਾ ਹੈ। ਜਥੇਬੰਦੀ ਨੇ ਇਸ ਫਾਸ਼ੀ ਵਰਤਾਰੇ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਆਪਸੀ ਏਕਤਾ ਬਣਾਈ ਰੱਖਣ ਦੀ ਅਪੀਲ ਕੀਤੀ।




# ਮਾਂ ਬੋਲੀ ਦੀ ਚੜ੍ਹਾਈ ਅਸੀਂ ਜਾਂਦੇ ਖੂੰਜੇ ਲਾਈ

– ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



ਪੰਜਾਬ ਇਕ ਅਜਿਹਾ ਖਿੱਤਾ ਹੈ, ਜਿਸ ਵਿਚ ਪੰਜਾਬੀ ਨੂੰ ਬੋਲਣ ਵਾਲੇ ਹੀ ਇਸ ਤੋਂ ਨਾਬਰ ਹੋ ਰਹੇ ਹਨ। ਜਿਵੇਂ ਰਿਸ਼ਤਿਆਂ ਵਿਚ ਨਿਘਾਰ ਆ ਗਿਆ ਹੈ ਬੱਚਿਆਂ ਨੂੰ ਮਾਂ ਬੋਲੀ ਸਿਖਾਉਣ ਵਾਲੇ, ਉਂਗਲ ਫੜ ਕੇ ਤੋਰਨਾ ਸਿਖਾਉਣ ਵਾਲੇ ਮਾਪੇ ਬਿਰਧ ਘਰਾਂ ਵਿਚ ਦੂਸਰਿਆਂ ਦੇ ਮੁਥਾਜ ਹੋ ਕੇ ਰਹਿ ਗਏ ਹਨ। ਉਹ ਆਪਣੇ ਹੀ ਵਾਰਸਾਂ ਦੇ ਉਦਰੇਵੇਂ ਕਾਰਨ ਉਦਾਸ ਤੇ ਬੇਪਛਾਣ ਹੋ ਜਾਂਦੇ ਹਨ ਉਸੇ ਤਰ੍ਹਾਂ ਮਾਂ ਬੋਲੀ ਪੰਜਾਬੀ ਵੀ ਸਾਡੀ ਬੇ-ਨਿਰਾਜਗੀ ਕਾਰਨ ਮੁਥਾਜਗੀ ਹੰਢਾ ਰਹੀ ਹੈ। ਪੰਜਾਬੀ ਦੀ ਮਹਾਨਤਾ ਬਾਰੇ, ਇਸਨੂੰ ਗੁਰੂ ਪੀਰਾਂ, ਦਰਵੇਸ਼ਾਂ ਤੇ ਸੂਰਮਿਆਂ ਦੀ ਅਣਖੀਲੀ ਬੋਲੀ ਹੋਣ ਦਾ ਵਰਦਾਨ ਸਮਝ ਕੇ ਜਦ ਅਸੀਂ ਬੋਲਦੇ ਹਾਂ ਤਾਂ ਇੰਜ ਲਗਦੈ ਜਿਵੇਂ ਆਪਣੇ ਆਪ ਨਾਲ ਝੂਠ ਬੋਲ ਰਹੇ ਹੋਈਏ। ਜਿਵੇਂ ਚੋਰ ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦਾ ਬਿਲਕੁਲ ਪੰਜਾਬੀ ਬੋਲਣ ਵਾਲੇ ਵੀ ਇਸ ਭਾਸ਼ਾ ਪ੍ਰਤੀ ਅਪਣਾਈ ਬੇ-ਰੁਖੀ ਨੂੰ ਮੰਨਣ ਦੀ ਥਾਂ ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦੇ।

ਪੰਜਾਬੀਆਂ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਹ ਬਹਾਦਰੀ ਨਾਲ ਇਤਿਹਾਸ ਤਾਂ ਸਿਰਜਣਾ ਜਾਣਦੇ ਹਨ ਪਰ ਇਤਿਹਾਸ ਸੰਭਾਲਣਾ ਨਹੀਂ ਜਾਣਦੇ। ਇਹ ਸਥਿਤੀ ਇਸ ਮੋੜ ਤੇ ਪਹੁੰਚ ਚੁੱਕੀ ਹੈ ਕਿ ਅਸੀਂ ਪੰਜਾਬੀ ਮਾਂ ਬੋਲੀ ਨੂੰ ਸੰਭਾਲਣ ਤੋਂ ਵੀ ਇਨਕਾਰੀ ਹੋ ਰਹੇ ਹਾਂ। ਸਾਡੀ ਮਾਂ ਬੋਲੀ ਬਹੁਤ ਹੀ ਉੱਚੇ-ਸੁੱਚੇ ਕਿਰਦਾਰ ਵਾਲੀ ਸੀ। ਜਿਸ ਨੂੰ ਬਾਬਾ ਫ਼ਰੀਦ ਦੇ ਸ਼ਲੋਕਾਂ ਨੇ ਗੁਰਬਾਣੀ ਨੇ ਇਸ ਨੂੰ ਪਵਿੱਤਰਤਾ ਦਾ ਬਾਣ ਬਖਸ਼ਿਆ ਜੋ ਅੱਜ ਲੱਚਰ ਸ਼ਬਦਾਂ ਨਾਲ ਲੀਰੋ ਲੀਰ ਹੋ ਰਿਹਾ ਹੈ ਤੇ ਅਸੀਂ ਆਪਣੀ ਮਾਂ ਬੋਲੀ ਦੇ ਜਿਸਮ ਦੇ ਅਣਖਾਂ ਭਰੇ ਸ਼ਬਦਕੋਸ਼ ਦੇ ਵਸਤਰਾਂ ਨੂੰ ਲੱਚਰ ਸ਼ਬਦਾਂ ਵਾਲੇ ਅਨੈਤਿਕ ਸ਼ਬਦਾਂ ਨਾਲ ਸ਼ਰਮਸ਼ਾਰ ਹੋ ਕੇ ਨੱਚ ਰਹੇ ਹਾਂ ਜਿਵੇਂ ਅਬਦਾਲੀ ਵਰਗੇ ਸਾਡੀਆਂ ਮਾਂਵਾਂ ਭੈਣਾਂ ਨੂੰ ਬਾਂਧਾਂ ਬਣਾ ਕੇ ਉਹਨਾਂ ਦੇ ਤਨ ਦੇ ਕੱਪੜਿਆਂ ਨੂੰ ਲੀਰੋ ਲੀਰ ਕਰਕੇ ਖਿੱਲੀ ਉਡਾਉਂਦੇ ਸਨ। ਉਸ ਸਮੇਂ ਅਜਿਹੀਆਂ ਦਰੋਪਤੀਆਂ ਦੇ ਨੰਗੇ ਤਨ ਢੱਕਣ ਲਈ ਕੋਈ ਕ੍ਰਿਸ਼ਨ ਨਹੀਂ ਸੀ ਬਹੁੜਦਾ ਸਗੋਂ ਪੰਜਾਬੀਅਤ ਦੀ ਅਣਖ ਵਾਲੇ ਸਿੰਘ ਬਹੁੜਦੇ ਸਨ। ਅੱਜ ਅਸੀਂ ਮਾਂ ਬੋਲੀ ਦੇ ਅਣਖ ਭਰਭੂਰ ਬੋਲਾਂ ਦੇ ਵਸਤਰਾਂ ਨੂੰ ਲੱਚਰਤਾ ਦੇ ਚਿੱਕੜ 'ਚ ਲਿਬੇੜ ਕੇ ਪਤਾ ਨਹੀਂ ਮਾਂ ਬੋਲੀ ਦੀ ਕਿਹੜੀ ਸੇਵਾ ਕਰ ਰਹੇ ਹਾਂ? ਮਾਂ ਆਪਣੇ ਧੀਆਂ ਪੁੱਤਰਾਂ ਨੂੰ ਖੇੜੇ ਵਿਚ ਆ ਕੇ ਨੱਚਣ ਟੱਪਣ ਤੋਂ ਮਨ੍ਹਾਂ ਨਹੀਂ ਕਰਦੀ ਸਗੋਂ ਤਮੀਜ ਤੇ ਤਹਿਜੀਬ ਦੇ ਦਾਇਰੇ ਵਿਚ ਰਹਿ ਕੇ ਲੋਰੀਆਂ, ਘੋੜੀਆਂ, ਸੁਹਾਗ ਤੇ ਪੁੱਤਰਾਂ ਦੀ ਮੌਤ ਦੇ ਵਿਛੋੜੇ ਨੂੰ ਵੈਣਾਂ ਵਿਚ ਤੋਰਦੀ ਹੈ। ਕੀ ਮਾਂ ਬੋਲੀ ਦੀਆਂ ਇਹਨਾਂ ਵੰਨਗੀਆਂ 'ਚ ਲੱਚਰਤਾ ਹੈ। ਬੁੱਲ੍ਹਾਂ ਤੇ ਕਿਹੋ ਜਿਹੇ ਗੀਤ ਹਨ। ਮੈਂ ਉਹ ਸੁਣ ਕੇ ਉਸ ਦੇਸ਼ ਦਾ ਕੌਮ ਦਾ ਭਵਿੱਖ ਦੱਸ ਸਕਦਾ ਹਾਂ।

ਕਿਸੇ ਪੰਜਾਬੀ ਨੇ ਭਾਈ ਕਾਹਨ ਸਿੰਘ ਨਾਭਾ ਦਾ ਸ਼ਬਦਕੋਸ਼ ਨਹੀਂ ਪੜ੍ਹਿਆ ਹੋਣਾ। ਤੇ ਹਾਂ ਔਕਸਫੋਰਡ ਦੀਆਂ ਡਿਕਸ਼ਨਰੀਆਂ ਜ਼ਰੂਰ ਘਰਾਂ 'ਚ ਸਜਾ ਕੇ ਰੱਖੀਆਂ ਹਨ। ਹੋਰ ਤਾਂ ਹੋਰ ਸਾਡੇ ਪੰਜਾਬੀਆਂ ਦਾ ਨਾਮਕਰਨ (ਰੋਮੀ, ਸੋਨੀ, ਬੰਟੀ, ਟੋਨੀ, ਪਿੰਕੀ ਆਦਿ) ਦਾ ਅੰਗਰੇਜ਼ੀਕਰਨ ਹੋ ਚੁੱਕਾ ਹੈ। ਜਦੋਂ ਵਿਦੇਸ਼ੀਆਂ ਦੇ ਹਮਲੇ ਸਮੇਂ ਜਾਂ 1947 ਦੇ ਕਤਲੇਆਮ ਤੋਂ ਬਚਣ ਲਈ ਨਾਮ ਬਦਲ ਲਏ ਗਏ, ਧਰਮ ਬਦਲ ਲਏ ਗਏ ਤਾਂ ਜੀਵਨ ਜਾਚ, ਅਹਾਰ, ਢੰਗ-ਤਰੀਕੇ, ਸਲੀਕੇ ਤੇ ਵਿਵਹਾਰ ਵੀ ਬਦਲ ਗਏ। ਇਸੇ ਤਰ੍ਹਾਂ ਦਾ ਰੰਗ ਢੰਗ ਸਾਡੇ ਆਉਣ ਵਾਲੇ ਪੰਜਾਬੀਆਂ ਦੇ ਨਾਵਾਂ ਦਾ ਰੰਗ ਢੰਗ ਦਿਖਾਵੇਗਾ। ਅੰਮਾ ਹਰਨਾਮ ਕੌਰ ਜਾਂ ਬਾਬਾ ਬਖਤੌਰ ਸਿੰਘ ਕਹਿਣ ਤੇ ਮੂੰਹ ਭਰ ਜਾਂਦਾ ਹੈ ਤੇ ਇਕ ਦਰਵੇਸ਼ ਤੇ ਬਿਰਧ ਹੱਥਾਂ ਦੀ ਪਵਿੱਤਰ ਛੋਹ ਸਾਡੀ ਕੰਡ ਪਲੋਸਦੀ ਹੈ। ਕੀ ਇਹ ਅਹਿਸਾਸ ਅੰਮਾਂ ਪਿੰਕ ਜਾਂ ਸਵੀਟੀ ਦੇ ਬਿਰਧ ਹੱਥਾਂ 'ਚੋਂ ਮਿਲੇਗਾ? ਕੀ ਇਹ ਦਰਵੇਸ਼ ਸਖ਼ਸ਼ੀਅਤ ਦਾ ਝਲਕਾਰਾ ਰੋਮੀ, ਬੰਟੀ, ਟੋਨੀ ਬਣੇ ਬਜ਼ੁਰਗਾਂ 'ਚੋਂ ਮਿਲੇਗਾ?

ਕਿਸੇ ਵੀ ਕੌਮ ਦਾ ਕਿਰਦਾਰ ਉਸ ਕੌਮ ਦੀ ਮਾਂ ਬੋਲੀ, ਇਤਿਹਾਸ ਅਤੇ ਸਾਹਿਤ ਸਿਰਜਦਾ ਹੈ। ਅਜੋਕੇ ਸਮੇਂ ਇਹ ਸਾਰੀਆਂ ਕੰਧਾਂ ਟੋਡਰ ਮੱਲ ਦੀ ਹਵੇਲੀ ਵਾਂਗ ਖੰਡਰ ਬਣਨ ਵੱਲ ਵਧ ਰਹੀਆਂ ਹਨ। ਸੋਨੀ, ਟੋਨੀ ਤੇ ਰੋਮੀ ਵਰਗੇ ਨਵੇਂ ਉੱਠੇ ਬਾਬਿਆਂ ਜਾਂ ਕੀਰਤਨੀਆਂ ਦੇ ਆਲੀਸ਼ਾਨ ਧੌਲਰ ਉਸਰ ਰਹੇ ਹਨ। ਜੋ ਗੁਰੂ ਸਾਹਿਬਾਨਾਂ ਦੀ ਬਾਣੀ ਦੀ ਤਜ਼ਾਰਤ ਕਰਦੇ ਸਮੇਂ ਇਹ ਵੀ ਭੁੱਲ ਜਾਂਦੇ ਹਨ ਕਿ ਕੀ ਗੁਰੂ ਜਾਂ ਗੁਰੂ ਸਾਹਿਬਾਨ ਵੇਚਿਆ ਜਾ ਸਕਦਾ ਹੈ। ਜਾਂ ਕੀ ਇਹ ਖਰੀਦਿਆ ਜਾ ਸਕਦਾ ਹੈ। ਜਵਾਬ ਕਿਸੇ ਕੋਲ ਨਹੀਂ ਪਰ ਇਹ ਵਰਤਾਰਾ ਬਿਲਕੁਲ ਉਸੇ ਤਰ੍ਹਾਂ ਪੈਸੇ ਦੀ ਉਂਗਲ ਤੇ ਨੱਚ ਰਿਹਾ ਹੈ ਜਿਵੇਂ ਨਵੇਂ ਗਾਇਕਾਂ ਦੇ ਪੰਜਾਬੀਅਤ ਦੇ ਦਿਮਾਗ਼ਾਂ ਵਿਚ ਕੈਂਸਰ ਦੇ ਕੀਟਾਣੂਆਂ ਵਾਂਗ ਇਖਲਾਕੀ ਮੌਤ ਵੱਲ ਧਕੇਲਣ ਵਾਲੇ ਸ਼ਬਦ ਪਾਏ ਜਾ ਰਹੇ ਹਨ ਤੇ ਚੈਨਲਾਂ ਰਾਹੀਂ ਤੇ ਹੋਰ ਸੰਚਾਰ ਸਾਧਨਾਂ ਰਾਹੀਂ ਵੇਚੇ ਜਾ ਰਹੇ ਹਨ ਤੇ ਸਿਆਸਤਦਾਨ ਰੋਮ ਸੜਦਾ ਰਿਹਾ ਤੇ ਨੀਰੋ ਬੰਸਰੀ ਵਜਾਉਂਦਾ ਰਿਹਾ ਵਾਲੀ ਭੂਮਿਕਾ ਨਿਭਾ ਰਹੇ ਹਨ। ਸੂਰ ਗੰਦਗੀ ਵਿਚ ਪਲਦਾ ਹੈ ਤੇ ਸਿਆਸਤਦਾਨਾਂ ਦੀ ਚੌਧਰ, ਭ੍ਰਿਸ਼ਟਾਚਾਰ, ਸਕੈਂਡਲਾਂ, ਅਨਪੜ੍ਹਤਾ, ਅੰਧ ਵਿਸ਼ਵਾਸ਼ਾਂ, ਗਰੀਬੀ, ਬੇਰੁਜ਼ਗਾਰੀ ਤੇ ਨਸ਼ਿਆਂ ਦੇ ਚਿੱਕੜ ਵਿਚ ਟਿਕੀ ਹੋਈ ਹੈ। ਗੁਰੂ ਘਰ ਦੇ ਕਿਸੇ ਵੀ ਮਾਇਆ ਪੱਲੇ ਬੰਨ੍ਹ ਕੇ ਤੁਰਨ ਵਾਲੇ ਪ੍ਰਚਾਰਕ ਨੂੰ, ਕਥਾਵਾਚਕ ਨੂੰ ਗੁਰਮੁਖੀ ਬੋਲੀ ਦੀ ਹੋ ਰਹੀ ਇਸ ਤੌਹੀਨ ਬਾਰੇ ਕਦੇ ਮੂੰਹ ਨਹੀਂ ਖੋਲ੍ਹਿਆ ਵਿਰੋਧ ਨਹੀਂ ਕੀਤਾ ਸੱਚਮੁੱਚ ਪੰਜਾਬੀਆਂ ਦੀ ਮਾਨਸਿਕਤਾ 'ਤੇ ਮਾਂ ਬੋਲੀ ਪ੍ਰਤੀ ਵਤੀਰਾ ਕੈਂਸਰ ਦੀ ਕੀਮੋਥਰੈਪੀ ਦੀਆਂ ਤਰੰਗਾਂ ਦੇ ਇਲਾਜ ਵਾਂਗ ਕਰੂਪ ਹੁੰਦਾ ਜਾ ਰਿਹਾ ਹੈ। ਪਰ ਜਦ ਕੌਮਾਂ ਆਪਣੀ ਮਾਂ ਦੀ ਕੁਰਬਾਨੀ ਤੋਂ ਬੇਮੁਖ ਹੋ ਜਾਣ, ਦੁੱਧ ਪੀਣੇ ਮਜਨੂੰ ਬਣ ਜਾਣ ਤਾਂ ਸਰਬਪੱਖ ਨਿਘਾਰ ਉਹਨਾਂ ਦੀ ਹੋਣੀ ਬਣਦਾ ਹੈ। ਅਸੀਂ ਭੁੱਲ ਚੁੱਕੇ ਹਾਂ ਕਿ ਪੰਜਾਬੀ ਪੰਜਾਬ ਦੀ ਹੀ ਨਹੀਂ ਸਗੋਂ ਦੂਸਰੀਆਂ ਭਾਸ਼ਾਵਾਂ ਨੂੰ ਬਚਾਉਣ ਦੀ ਪਹਿਰੇਦਾਰ ਵੀ ਰਹੀ ਹੈ। ਹਿੰਦੀ ਸੰਸਕ੍ਰਿਤ ਚਾਂਦਨੀ ਚੌਂਕ ਦੀਆਂ ਸ਼ਹਾਦਤਾਂ ਦੀ ਕਰਜ਼ਾਈ ਹੈ ਜੋ ਅਹਿਸਾਨ ਫਰਾਮੋਸ਼ ਹੋ ਕੇ ਪੰਜਾਬੀ ਨੂੰ ਗੰਵਾਰਾਂ ਦੀ ਭਾਸ਼ਾ ਕਹਿ ਰਹੀ ਹੈ। ਕਾਮਰੇਡ ਲੈਨਿਨ ਨੇ ਕਿਹਾ ਸੀ ਕਿ ਜੇ ਤੁਸੀਂ ਕੁਦਰਤ ਨਾਲ ਜਾਂ ਭਾਸ਼ਾ ਨਾਲ ਛੇੜਛਾੜ ਕਰੋਗੇ ਤਾਂ ਬਹੁਤ ਭਿਆਨਕ ਸਿੱਟੇ ਭੁਗਤਣ ਲਈ ਤਿਆਰ ਹੈ। ਕਿਸੇ ਦੇਸ਼ ਦੀ ਨੌਜਵਾਨੀ ਦੇ ਪਰ ਇਹ ਅਣਖੀਲੀ ਬਣ ਕੇ ਦੂਸਰੀਆਂ ਭਾਸ਼ਾਵਾਂ ਨੂੰ ਨਾਦਰਾਂ ਤੋਂ, ਬਾਬਰਾਂ ਤੋਂ, ਅਬਦਾਲੀਆਂ ਤੋਂ ਇਹਨਾਂ ਭਾਸ਼ਾਵਾਂ ਨੂੰ ਬਚਾਉਂਦੀ ਰਹੀ ਕੁਰਬਾਨੀ ਕਰਦੀ ਰਹੀ। ਇਹ ਭਾਈ ਘਨੱਈਆ ਵੀ ਬਣੀ। ਇਹ ਵੱਖਰੀ ਗੱਲ ਹੈ ਕਿ ਅਹਿਸਾਨ ਫਰਾਮੋਸ਼ ਕਦੇ ਚੰਦੂ ਬਣ ਕੇ, ਕਦੇ ਗੰਗੂ ਬਣ ਕੇ ਤੇ ਕਦੇ ਸੁੱਚਾ ਨੰਦ ਬਣ ਕੇ ਵਿਦੇਸ਼ੀ ਹਮਲਾਵਰਾਂ ਦੀ ਖਿਦਮਤ ਕਰਦੇ ਰਹੇ। ਕੀ ਹੁਣ ਅਸੀਂ ਇਸ ਭਾਸ਼ਾ ਤੋਂ ਬੇਮੁਖ ਹੋ ਕੇ ਅਹਿਸਾਨ ਫਰਾਮੋਸ਼ ਵਾਲੀ ਦਿਸ਼ਾ ਵੱਲ ਤਾਂ ਨਹੀਂ ਵੱਧ ਰਹੇ? ਕਿਉਂਕਿ ਅਸੀਂ ਮਾਂ-ਬੋਲੀ ਦਾ ਇਤਿਹਾਸ ਭੁੱਲ ਚੁੱਕੇ ਹਾਂ ਕਿਉਂਕਿ ਏਥੇ ਮਕਦੂਨੀਆਂ ਤੋਂ ਯੂਨਾਨੀ ਆਏ ਤਾਂ ਪੰਜਾਬੀ ਦੇ ਪੋਰਸ ਨੇ ਉਸਦਾ ਹਮਲਾਵਾਰ ਰਥ ਰੋਕਿਆ ਤੇ ਪੰਜਾਬ ਦੇ ਹੀ ਰਾਜਾ ਅੰਬੀ ਵਰਗਿਆਂ ਨੇ ਪੰਜਾਬੀਅਤ ਨਾਲ ਗੱਦਾਰੀ ਕਰਕੇ ਸਿਕੰਦਰ ਦਾ ਸਾਥ ਦੇ ਕੇ ਉਸਨੂੰ ਇਤਿਹਾਸ ਵਿਚ ਸਿਕੰਦਰ ਮਹਾਨ ਬਣਾ ਕੇ ਪੋਰਸ ਦੀ ਬਹਾਦਰੀ ਨੂੰ ਸਿਕੰਦਰ ਨਾਲੋਂ ਨੀਵਾਂ ਦਿਖਾ ਦਿੱਤਾ। ਇਸ ਤੋਂ ਬਾਅਦ ਦੁਰਾਨੀ ਆਏ, ਮੁਗਲ ਆਏ, ਪੁਰਤਗਾਲੀ ਆਏ, ਡੱਚ ਆਏ, ਅੰਗਰੇਜ਼ ਆਏ ਜਿਨ੍ਹਾਂ ਨੇ ਪੰਜਾਬੀਅਤ ਤੇ ਕਾਬਜ਼ ਹੋਣ ਲਈ ਆਪਣੀ ਹਕੂਮਤੀ ਭਾਸ਼ਾ ਠੋਸ ਕੇ ਸਾਡੀ ਪੰਜਾਬੀ ਭਾਸ਼ਾ ਦੇ ਮੂਲ ਸ਼ਬਦਾਂ ਨੂੰ ਖੂਹ ਦੇ ਚੱਕ ਵਾਂਗ ਅਲੋਪ ਕਰ ਦਿੱਤਾ। ਹੋਰ ਤਾਂ ਹੋਰ ਜਿਸ ਨੂੰ ਅਸੀਂ ਸ਼ੇਰੇ ਪੰਜਾਬ ਕਹਿੰਦੇ ਹਾਂ ਉਸ ਨੇ ਵੀ ਪੰਜਾਬੀ ਮਾਂ ਬੋਲੀ ਦੇ ਸਿਰ ਤੇ ਬਾਬਾ ਫਰੀਦ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਭ ਗੁਰੂ ਸਾਹਿਬਾਨ ਦੀ ਭਾਸ਼ਾ ਦਾ ਤਾਜ ਨਹੀਂ ਰੱਖਿਆ ਸਗੋਂ ਉਸ ਦੀ ਸਰਕਾਰ ਦੀ ਭਾਸ਼ਾ ਜਾਂ ਕੰਮਕਾਰ ਅੱਜ ਦੀ ਅੰਗਰੇਜ਼ੀ ਵਾਂਗ ਪਰਸ਼ੀਅਨ ਭਾਸ਼ਾ ਵਿਚ ਸੀ।

ਅੱਜ ਅੰਗਰੇਜ਼ਾਂ ਦੇ ਜਾਣ ਤੋਂ ਪੌਣੀ ਸਦੀ ਬਾਅਦ ਵੀ ਅਸੀਂ ਅੰਗਰੇਜ਼ੀ ਭਾਸ਼ਾ ਦੀਆਂ ਗੋਲੀਆਂ ਮਾਂ ਬੋਲੀ ਦੇ ਮੇਹਦੇ ਵਿਚ ਪਾ ਕੇ ਪਤਾ ਨਹੀਂ ਕਿਹੜੇ ਲੁਕਮਾਨ ਦੀ ਵੈਦਗੀ ਦਾ ਤਜ਼ਰਬਾ ਕਰ ਰਹੇ ਹਾਂ? ਸਾਡੀ ਮਾਂ ਬੋਲੀ ਨੇ ਤਾਂ ਦੁੱਧ, ਦਹੀਂ, ਲੱਸੀ ਅਧਰਿੜਕਿਆ ਦਾ ਸੇਵਨ ਕਰਕੇ ਪੰਜਾਬੀਅਤ ਦੀ ਆਬਰੂ ਦੀ ਰਾਖੀ ਕੀਤੀ ਹੈ ਤੇ ਅੱਜ ਅਸੀਂ ਸ਼ੇਰ ਦੇ ਘਾਹ ਖਾਣ ਵਾਲੇ ਝੂਠ ਵਾਂਗ ਕੋਕਾ ਕੋਲਾ, ਕੇ.ਐਫ.ਸੀ., ਮਨਚੂਰੀਅਨ, ਪੀਜਾ, ਬਰਗਰ, ਚਿਪਸ, ਚਾਹ, ਕੌਫੀ ਉਲੱਦਣ ਤੇ ਪਹੁੰਚ ਚੁੱਕੇ ਹਾਂ। ਇਹ ਪੰਜਾਬੀਅਤ ਦਾ ਸਾਨੂੰ ਸਰਾਪ ਹੈ ਕਿ ਅਸੀਂ ਪਾਣੀ ਜੋ ਪਿਤਾ ਹੈ ਉਹ ਵੀ ਮੁੱਲ ਦਾ ਖਰੀਦ ਕੇ ਜਿਉਂ ਰਹੇ ਹਾਂ। ਉਹ ਵੀ ਸਮਾਂ ਸੀ ਜਦ ਪੰਜ-ਆਬ ਤੇ ਪਿਆ ਪੰਜਾਬ ਦੇ ਪੰਜ ਦਰਿਆਵਾਂ, ਕੱਸੀਆਂ, ਨਹਿਰਾਂ ਦਾ ਪਾਣੀ ਵੀ ਪਚਣ ਯੋਗ ਹੁੰਦਾ ਸੀ। ਅੱਜ ਨਾਂ ਸਾਨੂੰ ਪਾਣੀ ਪਚ ਰਿਹਾ ਹੈ ਤੇ ਨਾਂ ਅਸੀਂ ਪੰਜਾਬੀ ਮਾਂ ਬੋਲੀ ਨੂੰ ਪਚਾ ਰਹੇ ਹਾਂ। ਕਿਉਂਕਿ ਅਸੀਂ ਪੰਜਾਬੀ ਸਾਹਿਤ ਤੋਂ ਦੂਰ ਜਾ ਚੁੱਕੇ ਹਾਂ। ਭਾਰਤ ਦੀ ਪਾਰਲੀਮੈਂਟ ਵਿਚ ਦੱਖਣੀ ਰਾਜਾਂ ਦੀ ਭਾਸ਼ਾ ਤਾਂ ਹਿੰਦੀ ਅੰਗਰੇਜ਼ੀ ਵਿਚ ਤਬਦੀਲ ਹੁੰਦੀ ਹੈ ਪਰ ਪੰਜਾਬੀ ਨਹੀਂ। ਉਥੇ ਕਿਸੇ ਨੁਮਾਇੰਦੇ ਨੂੰ ਸਕੂਲਾਂ 'ਚ ਅੰਗਰੇਜ਼ੀ ਠੋਸਣ ਵਾਂਗ ਅੰਗਰੇਜ਼ੀ ਜਾਂ ਹਿੰਦੀ ਵਿਚ ਬੋਲਣ ਲਈ ਲੋਕ ਸਭਾ ਦੇ ਬੁਲਾਰੇ (ਸਪੀਕਰ) ਵੱਲੋਂ ਕਿਹਾ ਜਾਂਦਾ ਹੈ। ਜਦਕਿ ਪੰਜਾਬੀ ਭਾਸ਼ਾ ਕਾਨੂੰਨੀ ਮਾਨਤਾ ਪ੍ਰਾਪਤ ਭਾਸ਼ਾਵਾਂ ਵਿਚ ਹੈ।

ਦੂਸਰੇ ਪਾਸੇ ਇਹ ਵੀ ਇਕ ਨਾਂ ਪੱਖੀ ਪਹਿਲੂ ਹੈ ਕਿ ਪੰਜਾਬੀ ਦੇ ਅਜੋਕੇ ਸਾਹਿਤਕਾਰ ਵੀ ਇਸ ਰੁਝਾਨ ਤੋਂ ਆਪਣਾ ਦਾਮਨ ਸਾਫ਼ ਨਹੀਂ ਰੱਖ ਸਕੇ। ਉਨ੍ਹਾਂ ਦੇ ਆਪਣੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹ ਰਹੇ ਹਨ। ਉਹ ਵੀ ਇਹ ਦਲੀਲ ਦਿੰਦੇ ਹਨ ਕਿ ਪੰਜਾਬੀ ਭਾਸ਼ਾ ਉਚੇਰੀ ਵਿਗਿਆਨ ਵਿਦਿਆ ਦੀ ਭਾਸ਼ਾ ਨਹੀਂ ਹੈ। ਦਸਵੀਂ ਤੋਂ ਬਾਅਦ ਗਿਆਰਵੀਂ-ਬਾਰਵੀਂ ਤੋਂ ਲੈ ਕੇ ਵਿਗਿਆਨ ਦੇ ਵਿਸ਼ਿਆਂ ਦੀ ਭਾਸ਼ਾ ਅੰਗਰੇਜ਼ੀ ਹੋ ਜਾਂਦੀ ਹੈ। ਜੇ ਬਾਹਰਲੇ ਮੁਲਕਾਂ ਵਿਚ ਅਰਬੀ-ਫ਼ਾਰਸ਼ੀ, ਰੂਸੀ, ਫਰਾਸਿਸੀ, ਚੀਨੀ, ਜਪਾਨੀ ਭਾਸ਼ਾ ਵਿਗਿਆਨਕ ਹੋ ਸਕਦੀ ਹੈ ਤਾਂ ਪੰਜਾਬੀ ਕਿਉਂ ਨਹੀਂ? ਦੂਜੀ ਦਲੀਲ ਇਹ ਕਿ ਇਹ ਰੁਜ਼ਗਾਰ ਦੀ ਭਾਸ਼ਾ ਨਹੀਂ ਹੈ। ਨੌਕਰੀਆਂ ਅੰਗਰੇਜ਼ੀ ਭਾਸ਼ਾ ਦੇ ਟੈਸਟ ਪਾਸ ਕਰਕੇ ਮਿਲਦੀਆਂ ਹਨ। ਅਜੋਕੇ ਸਮੇਂ ਕਿਸੇ ਸ਼ਹਿਰ ਵਿਚ ਓਨੀਆਂ ਕੱਪੜਿਆਂ ਦੀਆਂ, ਆੜ੍ਹਤ ਦੀਆਂ, ਢਾਬਿਆਂ, ਚਾਹ ਵਾਲੇ ਖੋਖਿਆਂ ਜਾਂ ਸਕੂਲਾਂ ਦੀ ਗਿਣਤੀ ਨਹੀਂ ਹੈ ਜਿੰਨੀ ਆਈਲੈਟਸ ਦੀਆਂ ਦੁਕਾਨਾਂ ਦੀ ਹੈ। ਇਹ ਦੁਕਾਨਾਂ ਤਾਂ ਸ਼ਰਾਬ ਦੇ ਠੇਕਿਆਂ ਜਾਂ ਅੰਧਵਿਸ਼ਵਾਸ ਵੰਡ ਰਹੇ ਡੇਰਿਆਂ ਦੀ ਗਿਣਤੀ ਨਾਲੋਂ ਵੀ ਵੱਧ ਗਈਆਂ ਹਨ ਤੇ ਪੇਂਡੂ ਸਭਿਆਚਾਰ ਵਿਚ ਆਪਣੀਆਂ ਜੜ੍ਹਾਂ ਲਗਾ ਚੁੱਕੀਆਂ ਹਨ। ਕਥਾਵਾਚਕ, ਪ੍ਰਚਾਰਕ ਤੇ ਲੱਚਰ ਗਾਇਕ ਪੰਜਾਬੀ ਬੋਲ ਕੇ ਹੀ ਰੁਜ਼ਗਾਰ ਕਮਾ ਰਹੇ ਹਨ। ਫੜੀਵਾਲਾ ਵੀ ਅੰਬ, ਕੇਲੇ, ਸੰਤਰੇ, ਅਮਰੂਦ ਜਾਂ ਆਲੂ, ਗੋਭੀ, ਗਾਜਰਾਂ, ਪੇਠਾ ਆਦਿ ਬੋਲ ਕੇ ਰੁਜ਼ਗਾਰ ਕਮਾਉਂਦੇ ਹਨ। ਕੋਈ ਮੈਂਗੋ, ਬੈਨਾਨਾ, ਔਰੇਜ਼, ਗਾਵਾ, ਪੋਟੈਟੋ, ਕੌਲੀਫਲਾਵਰ, ਕੈਰਟ ਕਹਿ ਕੇ ਇਹ ਚੀਜ਼ਾਂ ਨਹੀਂ ਵੇਚਦਾ। ਫਿਰ ਕਿਵੇਂ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਰੁਜ਼ਗਾਰ ਦੀ ਭਾਸ਼ਾ ਨਹੀਂ ਹੈ। ਉਪਰੋਕਤ ਸਾਰੇ ਵਰਗ ਪੰਜਾਬੀ ਬੋਲੀ ਦੀ ਸੇਵਾ ਨਹੀਂ ਕਰ ਰਹੇ ਸਗੋਂ ਮਾਂ ਬੋਲੀ ਦੀ ਮਮਤਾ ਹੀ ਸਾਡੀ ਸੇਵਾ ਕਰਦੀ ਹੈ। ਨਾਂ-ਸ਼ੁਕਰੇ ਗਾਇਕ ਜਾਂ ਸਾਹਿਤਕਾਰ ਕਹਿੰਦੇ ਹਨ ਕਿ ਅਸੀਂ ਪੰਜਾਬੀ ਬੋਲੀ ਦੀ ਸੇਵਾ ਕਰਦੇ ਹਾਂ। ਇਹ ਵਾਕ ਬੁਨਿਆਦੀ ਤੌਰ ਤੇ ਹੀ ਗਲਤ ਹੈ। ਅਸੀਂ ਤਾਂ ਸਿਰਫ਼ ਮਾਂ ਬੋਲੀ ਪ੍ਰਤੀ ਫਰਜ਼ ਤੇ ਕਰਜ਼ ਅਦਾ ਕਰ ਰਹੇ ਹਾਂ।

ਹਕੀਕਤ ਇਹ ਹੈ ਕਿ ਪੰਜਾਬੀ ਭਾਸ਼ਾ ਦੇ ਵਜੂਦ ਵਿਚ ਆਈਲੈਟਸ ਰਾਹੀਂ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਨੌਜਵਾਨਾਂ ਨੂੰ ਜਲਾਵਤਨ ਕਰ ਰਿਹਾ ਹੈ ਤੇ ਆਈਲੈਟਸ ਦਾ ਰੁਝਾਨ ਚਿੱਟੇ ਦੇ ਨਸ਼ੇ ਵਾਂਗ ਨੌਜਵਾਨਾਂ ਦੇ ਜ਼ਹਿਨਾਂ ਵਿਚ ਘਰ ਕਰ ਚੁੱਕਾ ਹੈ। ਨਸਲ ਓਪਰੀ ਭਾਸ਼ਾ ਤੇ ਨਸ਼ਿਆਂ ਕਾਰਨ ਤੇ ਫਸਲ ਰੇਹਾਂ ਸਪਰੇਹਾਂ ਕਾਰਨ ਨਸ਼ੇੜੀ ਹੋ ਚੁੱਕੀ ਹੈ। ਹਕੀਕਤ ਇਹ ਹੈ ਕਿ ਮਾਤ ਭਾਸ਼ਾ ਇਕ ਸੂਰਜ ਹੈ, ਰੋਸ਼ਨੀ ਹੈ, ਹਵਾ ਹੈ ਜਿਨ੍ਹਾਂ ਨੂੰ ਧਰਮਾਂ ਜਾਂ ਵਰਗਾਂ ਵਿਚ ਨਹੀਂ ਵੰਡਿਆ ਜਾ ਸਕਦਾ। ਭਾਸ਼ਾ ਤਾਂ ਮਨੁੱਖ ਦਾ ਮਨੁੱਖ ਨਾਲ ਸੰਚਾਰ, ਸਵੈ-ਪ੍ਰਗਟਾਓ, ਵਿਚਾਰਾਂ, ਸਿਧਾਂਤਾਂ ਦਾ ਇਕ ਜ਼ਰੀਆ ਹੈ ਜੋ ਸਾਨੂੰ ਸੂਝਵਾਨ ਬਣਾਉਂਦਾ ਹੈ। ਜਾਗਰੂਕ ਕੌਮ, ਜਾਗਰੂਕ ਲੋਕ ਆਪਣੀ ਭਾਸ਼ਾ ਪ੍ਰਤੀ, ਆਪਣੇ ਇਤਿਹਾਸ ਪ੍ਰਤੀ ਜਾਗਰੂਕ ਹੁੰਦੇ ਹਨ। ਭਾਸ਼ਾ ਦੀ ਲਿਖਤੀ ਲਿੱਪੀ ਅੰਦਰ ਸੰਭਿਆ ਸਾਹਿਤ ਸਿੱਪੀ ਦਾ ਮੋਤੀ ਹੈ ਜਿਸਨੂੰ ਮੋਤੀ ਬਣਨ ਲਈ ਕਈ ਦਹਾਕੇ ਲੱਗ ਜਾਂਦੇ ਹਨ। ਇਸ ਬਾਰੇ ਨੈਪੋਲੀਅਨ ਨੇ ਕਿਹਾ ਸੀ ਕਿ "ਮੈਨੂੰ ਦੁਨੀਆਂ ਦੀਆਂ ਚੰਗੀਆਂ ਦੱਸ ਕਿਤਾਬਾਂ ਦੇ ਦਿਓ ਮੈਂ ਤੁਹਾਨੂੰ ਦੁਨੀਆਂ ਨੂੰ ਬਦਲ ਕੇ ਜ਼ਿੰਦਗੀ ਨੂੰ ਖ਼ੂਬਸੂਰਤ ਬਣਾ ਦੇਵਾਂਗਾ। ਸਾਡੇ ਕੋਲ ਤਾਂ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦੁਨੀਆਂ ਦਾ ਮਹਾਨ ਫਲਸਫ਼ਾ ਹੈ। ਮਾਸੂਮ ਸਾਹਿਬਜ਼ਾਦਿਆਂ ਤੋਂ ਲੈ ਕੇ ਹਜ਼ਾਰਾਂ ਈਸਾ ਵਰਗੇ ਲੋਕ ਨਾਇਕ ਹਨ। ਇਹ ਗੁਰੂ ਫਲਸਫਾਂ ਸਾਰੀ ਦੁਨੀਆਂ ਨੂੰ ਖ਼ੂਬਸੂਰਤ, ਬਰਾਬਰ ਅਧਾਰਤ, ਜਬਰ ਜ਼ੁਲਮ ਰਹਿਤ, ਕਿਰਤੀਆਂ ਦੀ ਸਰਦਾਰੀ ਕਾਇਮ ਕਰਨ ਦੀ ਤੇ ਦੁਨੀਆਂ ਨੂੰ ਬਦਲਣ ਦੀ ਤਾਕਤ ਰੱਖਦਾ ਹੈ। ਪਰ ਅਫ਼ਸੋਸ ਹਜ਼ਾਰਾਂ ਈਸਾ ਹੁੰਦੇ ਹੋਏ ਵੀ ਅਸੀਂ ਮਨੁੱਖ ਹੋ ਕੇ ਵੀ, ਇਸ ਫ਼ਲਸਫ਼ੇ ਦੇ ਧਾਰਨੀ ਹੋ ਕੇ ਵੀ ਵਰਗਾਂ ਵਿਚ, ਆਪਸੀ ਨਫ਼ਰਤ ਵਿਚ ਵੰਡੇ ਹੋਏ ਹਾਂ। ਭਾਈ ਲਾਲੋ ਅੱਜ ਵੀ ਉਸੇ ਹਾਲ ਵਿਚ ਹੈ। ਕਬੀਰ ਵੀ ਉਸੇ ਹਾਲਤ ਵਿਚ ਹੈ ਭਗਤ ਰਵਿਦਾਸ ਜੀ, ਮੀਆਂ ਮੀਰ ਵੀ ਉਸੇ ਹਾਲਤ ਵਿਚ ਹੈ ਜਿੰਨਾ ਉੱਪਰ ਕਿੱਤਾ ਅਧਾਰਤ ਜਾਂ ਧਰਮ ਅਧਾਰਤ ਠੱਪੇ ਲੱਗੇ ਹਨ। ਸਰਕਾਰਾਂ ਨੇ ਬਰਾਦਰੀ ਦੇ ਠੱਪੇ ਲਗਾ ਕੇ ਵਰਗ ਵੰਡ ਦੇ ਸਰਟੀਫਿਕੇਟ ਜਾਰੀ ਕਰ ਰਹੀਆਂ ਹਨ। ਇਹ ਹਾਕਮਾਂ ਦਾ ਮਹਿਕੂਮਾਂ ਤੇ ਗੁੱਝਾ ਵਾਰ ਹੈ ਕਿ ਜਿਥੇ ਜਾਤੀ ਜਾਂ ਧਰਮ ਦਾ ਪਾੜਾ ਚਰਮ ਸੀਮਾ ਤੇ ਪਹੁੰਚ ਜਾਵੇ ਉਥੇ ਜਮਾਤੀ ਪਾੜਾ ਮੱਧਮ ਪੈ ਜਾਂਦਾ ਹੈ (ਲੁੱਟਣ ਵਾਲੇ ਤੇ ਲੁੱਟੇ ਜਾਣ ਵਾਲਿਆਂ) ਦਾ ਵਰਗ ਸੰਘਰਸ਼ ਮਨਫ਼ੀ ਹੋ ਜਾਂਦਾ ਹੈ ਅਤੇ ਫਿਰਕੂ ਪਾੜਾ ਦੰਗਿਆਂ ਤੱਕ ਪਹੁੰਚ ਜਾਂਦਾ ਹੈ। ਇਸ ਕਰਕੇ ਹਰ ਹਕੂਮਤ ਨੂੰ ਨਸਲੀ ਵਿਤਕਰੇ ਦੀ ਆੜ 'ਚ ਆਰਥਿਕ ਵਿਤਕਰਾ ਰਾਸ ਆ ਜਾਂਦਾ ਹੈ ਕਿਉਂਕਿ ਮਹਿਕੂਮਾਂ (ਕਿਰਤੀਆਂ) ਦਾ ਧਿਆਨ ਅਸਲੀ ਦੁਸ਼ਮਣ ਤੇ ਕੇਂਦਰਤ ਨਹੀਂ ਹੁੰਦਾ। ਧਰਮ ਨਾਲ ਭਾਸ਼ਾ ਦਾ ਪੂੰਝਾ ਬੰਨ ਦਿੱਤਾ ਜਾਂਦਾ ਹੈ ਤੇ ਹਕੂਮਤਾਂ ਦਾ ਪਤੰਗ ਭਾਸ਼ਾ ਦੇ ਅਧਾਰਤ ਨਸਲੀ ਵਿਤਕਰੇ ਨਾਲ ਚੜ੍ਹਿਆ ਰਹਿੰਦਾ ਹੈ।

ਜਿਵੇਂ ਪੰਜਾਬੀ ਵਿਚ ਅਖਾਣ ਹੈ ਕਿ ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ ਇਸ ਅਨੁਸਾਰ ਹਕੀਕਤ ਹੈ ਕਿ ਪੰਜਾਬ ਤੋਂ ਬਿਜਲੀ ਪਾਣੀ ਵੀ ਕੇਂਦਰੀ ਸ਼ਕਤੀ ਨੇ ਖੋਹ ਲਏ ਹਨ। ਪੰਜਾਬ ਕੋਲ ਕੋਈ ਆਪਣੀ ਰਾਜਧਾਨੀ ਨਹੀਂ ਹੈ। ਚੰਡੀਗੜ੍ਹ ਛੱਡ ਕੇ ਮੋਹਾਲੀ ਵੱਲ ਆ ਰਹੇ ਹਾਂ। ਪਹਿਲਾਂ ਕੰਦੂਖੇੜੇ ਦਾ ਭਾਸ਼ਾ ਦੇ ਅਧਾਰ ਤੇ ਰੇੜਕਾ ਖੜ੍ਹਾ ਕੀਤਾ ਸੀ। ਇਸ ਤੋਂ ਵੱਧ ਬੇਰੁਖੀ ਤੇ ਨਿਰਾਸ਼ਾ ਕੀ ਹੋ ਸਕਦੀ ਹੈ? ਪੰਜਾਬੀ ਦੀ ਬਚੀ ਖੁਚੀ ਦਫਾ ਸਾਡਾ ਇਸ ਪ੍ਰਤੀ ਵਿਵਹਾਰਕ ਨਜ਼ਰੀਆ ਪੱਟੀ ਜਾ ਰਿਹਾ ਹੈ। ਪੰਜਾਬੀਆਂ ਦੇ ਚੁਣੇ ਪ੍ਰਤੀਨਿਧ ਲੋਕਾਂ 'ਚ ਪੰਜਾਬੀ ਬੋਲ ਕੇ ਪੰਜਾਬ ਵਿਚ ਹੀ ਅੰਗਰੇਜ਼ੀ ਵਿਚ ਸਹੁੰ ਚੁੱਕ ਰਹੇ ਹਨ। ਉਹਨਾਂ ਗੁਰਮੁਖੀ ਭਾਸ਼ਾ ਦੇ ਗੁਟਕਾ ਸਾਹਿਬ ਦੀਆਂ ਕਸਮਾਂ ਖਾ ਕੇ ਤੁਹਾਡੀਆਂ ਤਰਸਯੋਗ ਹਾਲਤਾਂ ਤੇ ਮੁਗਲਾਂ ਵੱਲੋਂ ਕੁਰਾਨ ਦੀਆਂ ਕਸਮਾਂ ਖਾ ਕੇ ਦਸਮ ਪਿਤਾ ਜੀ ਤੋਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰਵਾ ਕੇ ਪਿੱਠ ਪਿੱਛੇ ਵਾਰ ਕਰਨ ਵੰਗ ਲੋਕ ਸਮੱਸਿਆਵਾਂ ਤੇ ਪੰਜਾਬੀ ਭਾਸ਼ਾ ਤੋਂ ਮੁਨਕਰ ਹੋ ਕੇ ਪੰਜਾਬੀ ਭਾਸ਼ਾ ਤੇ ਪਿੱਠ ਪਿਛੋਂ ਵਾਰ ਕੀਤਾ ਹੈ। ਕੀ ਤੁਸੀਂ ਇਸ ਅਪਮਾਨ ਦੀ ਰੜਕ ਮੰਨੀ ਹੈ? ਤੁਹਾਡੀ ਜ਼ਮੀਰ ਨੇ ਤੁਹਾਨੂੰ ਆਪਣੀ ਭਾਸ਼ਾ ਪ੍ਰਤੀ ਕੋਈ ਚੋਭ ਭਰਿਆ ਅਹਿਸਾਸ ਕਰਵਾਇਆ ਹੈ? ਸਾਰਾ ਪ੍ਰਸਾਸ਼ਕੀ ਕੰਮਕਾਜ, ਅਦਾਲਤਾਂ ਦੇ ਫੈਸਲੇ ਕੇਂਦਰੀ ਸਰਕਾਰਾਂ ਦੇ ਖਤੋ ਖਤਾਬ ਅੰਗਰੇਜ਼ੀ ਵਿਚ ਹੁੰਦੇ ਹਨ। ਅੱਜ ਵੀ ਅਸੀਂ ਏਥੋਂ 75 ਸਾਲ ਪਹਿਲਾਂ ਗਏ ਸ਼ਾਸਕਾਂ ਦੀ ਬੋਲੀ ਦੇ ਮੁਹਤਾਜ ਹਾਂ। ਇਕ ਗੁਲਾਮ ਮਾਨਸਿਕਤਾ ਗੁਲਾਮ ਜਹਿਨੀਅਤ ਹੰਢਾ ਰਹੇ ਹਾਂ। ਪੰਜਾਬੀ ਭਾਸ਼ਾ ਨੂੰ ਪੰਜਾਬੀਅਤ ਜਾਂ ਪੰਜਾਬੀ ਭਾਸ਼ਾ ਦਾ ਤਾਜ ਪਹਿਨਾਉਣਾ ਕੁਰਸੀ ਪ੍ਰਾਪਤ ਕਰਨ ਲਈ ਚੋਣ ਜੁਮਲੇ ਹਨ।

ਦੂਸਰੇ ਪਾਸੇ ਦੁਨੀਆਂ ਦੇ ਮੁਲਕ ਆਪਣੀ ਮਾਂ ਬੋਲੀ ਪ੍ਰਤੀ ਜਿੰਦ ਜਾਨ ਕੁਰਬਾਨ ਕਰ ਦਿੰਦੇ ਹਨ। ਖਲੀਲ ਜ਼ਿਬਰਾਨ ਦੀ ਪੁਸਤਕ "ਮੇਰਾ ਦਾਗਿਸਤਾਨ" ਪੁਸਤਕ ਵਿਚਲੀ ਇਕ ਸਧਾਰਨ ਮਾਂ ਆਪਣੇ ਪੁੱਤਰ ਵੱਲੋਂ ਮਾਂ ਬੋਲੀ ਨੂੰ ਭੁੱਲ ਜਾਣ ਤੇ ਲੰਮਾ ਘੁੰਡ ਕੱਢ ਲੈਂਦੀ ਹੈ। ਜਿਸਦਾ ਅਰਥ ਹੈ ਕਿ ਉਹ ਉਸ ਲਈ ਮਰ ਚੁੱਕਾ ਹੈ। ਪ੍ਰਸਿੱਧ ਲੇਖਕ ਪਰਮਜੀਤ ਢੀਂਗਰਾ ਅਨੁਸਾਰ "ਨਗੋਲਾ ਲੋਕਾਂ ਨੇ ਮੱਛੀਆਂ ਦੇ ਪੰਜ ਸੌ ਨਾਮ ਰੱਖੇ ਹੋਏ ਹਨ। ਵੈਨਜ਼ੂਏਲਾ ਵਿਚ ਬਾਕੀ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਗਿਣਤੀ 1500 ਹੀ ਹੈ ਪਰ ਉਹਨਾਂ ਕੋਲ ਐਥਨੋਂ ਬਾਟਨੀ ਦਾ ਵੱਡਾ ਗਿਆਨ ਹੈ। ਅਰਬੀ ਭਾਸ਼ਾ ਵਿਚ ਤਲਵਾਰ ਦੇ ਤਿੰਨ ਸੌ ਸਮਾਨਅੰਤਰ ਸ਼ਬਦ ਹਨ। ਹਰ ਭਾਸ਼ਾ ਦਾ ਗਿਆਨ ਬੱਚੇ ਤੋਂ ਮਨੁੱਖ ਬਣਨ ਦੇ ਵਿਵਹਾਰਕ ਵਿਕਾਸ ਲਈ ਜ਼ਰੂਰੀ ਹੈ। ਭਾਰਤ ਦੇ ਰਾਸ਼ਟਰਪਤੀ ਵੈਂਕਟਰਈਆ ਮਾਤ ਭਾਸ਼ਾ ਦੀ ਵਕਾਲਤ ਕਰਦੇ ਹਨ। ਦੁਨੀਆਂ ਦੇ ਸਿੱਖਿਆ ਸ਼ਾਸ਼ਤਰ ਅਤੇ ਵਿਦਵਾਨ ਸਿੱਖਿਆ ਦੇ ਮਾਤ ਭਾਸ਼ਾ ਵਿਚ ਹੋਣ ਦੀ ਵਕਾਲਤ ਕਰਦੇ ਹਨ।" ਸਿੱਖਿਆ ਦੇ ਵਪਾਰੀਕਰਨ ਦੇ ਖਿਲਾਫ਼ ਹਨ ਤੇ ਇਹ ਵਰਤਾਰਾ ਬਾਲ ਵਿਰੋਧੀ ਅਪਰਾਧ ਵਿਚ ਸ਼ਾਮਲ ਕਰਦੇ ਹਨ। ਪਰ ਸਾਡੀਆਂ ਸਰਕਾਰਾਂ ਵਿਚ ਜੁਰਮ ਕਰ ਰਹੀਆਂ ਹਨ। ਸਿਹਤ, ਸਿੱਖਿਆ ਆਦਿ ਨੂੰ ਨਿੱਜੀ ਖੇਤਰ ਦੇ ਹੱਥਾਂ 'ਚ ਸੌਂਪ ਕੇ ਲੋਕ ਵਿਰੋਧੀ ਕਾਰਜ ਕਰ ਰਹੀਆਂ ਹਨ। ਫਰਾਂਸਿਸੀ ਕਹਿੰਦੇ ਹਨ ਕਿ ਭਾਵੇਂ ਕੋਈ

ਫਰਾਂਸ ਜਿੱਤ ਲਵੇ ਪਰ ਫਰਾਂਸਿਸੀ ਭਾਸ਼ਾ ਲਈ ਉਹ ਆਪਣੀ ਜਾਨ ਵਾਰ ਦੇਣਗੇ। ਰੂਸੀ, ਕੋਰੀਅਨ, ਚੀਨੀ, ਅਰਬੀ, ਅਫਰੀਕੀ ਤੇ ਜਪਾਨੀ ਆਪਣੀਆਂ ਭਾਸ਼ਾਵਾਂ ਪ੍ਰਤੀ ਮਾਂ ਬੋਲੀ ਪ੍ਰਤੀ ਦੀਵਾਨੇ ਹਨ। ਉਹਨਾਂ ਲਈ ਭਾਸਾ ਪਹਿਲਾਂ ਹੈ ਤੇ ਜ਼ਿੰਦਗੀ ਬਾਅਦ ਵਿਚ ਹੈ। ਭਾਰਤ ਦੇ ਕਈ ਦੱਖਣੀ ਰਾਜ ਵੀ ਆਪਣੀ ਮਾਂ ਬੋਲੀ ਪ੍ਰਤੀ ਅਜਿਹੀ ਹੀ ਦੀਵਾਨਗੀ ਰੱਖਦੇ ਹਨ। ਜਦੋਂ ਭਾਰਤ ਵਿਚ ਅੰਗਰੇਜ਼ੀ ਸਕੂਲ ਖੋਹਲਣ ਦੀ ਅੰਗਰੇਜ਼ ਹਾਕਮਾਂ ਨੇ ਤਜਵੀਜ਼ ਰੱਖੀ ਤਾਂ ਇਕ ਦਸ ਮੈਂਬਰੀ ਕਮੇਟੀ ਬਣਾ ਦਿੱਤੀ ਗਈ। ਇਸ ਨੇ ਫੈਸਲਾ ਕਰਨਾ ਸੀ ਕਿ ਸਕੂਲ ਸਿੱਖਿਆ ਦਾ ਮਾਧਿਅਮ ਕੀ ਹੋਵੇ। ਪੰਜ ਕਮੇਟੀ ਮੈਂਬਰ ਸਥਾਨਕ ਭਾਸ਼ਾ ਦੇ ਪੱਖ ਵਿਚ ਸਨ ਅਤੇ ਪੰਜ ਕਮੇਟੀ ਮੈਂਬਰ ਅੰਗਰੇਜ਼ੀ ਮਾਧਿਅਮ ਦੇ ਪੱਖ ਵਿਚ ਸਨ। ਜਿੰਨਾ ਵਿਚ ਰਾਜਾ ਮੋਹਨ ਰਾਏ ਪ੍ਰਮੁੱਖ ਸੀ। ਉਹਨਾਂ ਦਾ ਤਰਕ ਸੀ ਕਿ ਇਸ ਸਮੇਂ ਸਾਨੂੰ ਪੱਛਮੀ ਗਿਆਨ ਦੀ ਲੋੜ ਹੈ ਕਿਉਂਕਿ ਸਾਡੀਆਂ ਭਾਸ਼ਾਵਾਂ ਅਜੇ ਆਧੁਨਿਕਤਾ ਦੇ ਰਾਹ ਨਹੀਂ ਪਈਆਂ। ਲਾਰਡ ਮੈਕਾਲੇ ਦੀ ਵੋਟ ਫੈਸਲਾਕੁੰਨ ਸੀ ਜੋ ਸਿੱਖਿਆ ਦੇ ਅੰਗਰੇਜ਼ੀ ਭਾਸ਼ਾ ਦੇ ਮਾਧਿਅਮ ਬਣਾਉਣ ਦੇ ਹੱਕ ਵਿਚ ਗਈ। ਉਸ ਸਮੇਂ ਸਸਤੇ ਮਜ਼ਦੂਰ ਉਹਨਾਂ ਹਾਕਮਾਂ ਦੀ ਲੋੜ ਸੀ ਪਰ ਅੱਜ ਸਾਡੇ ਆਪਣੇ ਚੁਣੇ ਹਾਕਮਾਂ ਦੀ ਨੀਅਤ ਵਿਚ ਖੋਟ ਹੈ। ਅੱਜ ਤੋਂ ਇਕ ਸਦੀ ਪਹਿਲਾਂ ਪੰਜਾਬੀ ਦੇ ਭਾਸ਼ਾ ਭੰਡਾਰ ਵਿਚ ਲੱਖਾਂ ਸ਼ਬਦ ਹੁੰਦੇ ਹੋਏ ਵੀ ਅਸੀਂ ਪੰਜਾਬੀ ਸੀ। ਅੱਜ ਆਪਣੀ ਮਾਂ ਬੋਲੀ ਦੇ ਹਜ਼ਾਰਾਂ ਸ਼ਬਦ ਗੁਆ ਕੇ ਵਿਦੇਸ਼ ਭਾਸ਼ਾਵਾਂ ਦੇ ਸ਼ਬਦ ਮਿਲਾ ਕੇ ਵੀ ਪੰਜਾਬੀ ਕਹਾ ਰਹੇ ਹਾਂ। ਇਹ ਓਪਰੇ ਸ਼ਬਦ ਪੰਜਾਬੀ ਭਾਸ਼ਾ ਨੂੰ ਸਿਉਂਕ ਵਾਂਗ ਖਾ ਰਹੇ ਹਨ ਤੇ ਇਹ ਸਿਉਂਕ ਸਾਡੀ ਤਾਕਤ ਨੂੰ ਵਾਰ-ਵਾਰ ਵੰਡ ਕਰਕੇ, ਪਾਕਿਸਤਾਨ, ਹਿਮਾਚਲ, ਹਰਿਆਣਾ ਕੱਢ ਕੇ ਸਭ ਕੁਝ ਖੋਹ ਕੇ ਸਿਉਂਕ ਵਾਂਗ ਪੰਜਾਬ ਪੰਜਾਬੀਅਤ ਤੇ ਭਾਸ਼ਾ ਨੂੰ ਖਾ ਚੁੱਕੇ ਹਨ। ਸਾਡੀਆਂ ਸਾਹੀਵਾਲ ਤੇ ਰਾਠੀ ਗਊਆਂ ਦੀ ਨਸਲ ਤੇ ਬੇਰੜੀ ਨਸਲ ਦੀਆਂ ਗਾਵਾਂ ਤੇ ਢੱਠੇ ਲੱਚਰ ਗਾਇਕਾਂ ਵਾਂਗ ਚੀਕ ਚਿਹਾੜਾ ਪਾ ਰਹੇ ਹਨ।

ਉਪਰੋਕਤ ਵੇਰਵੇ ਦੇ ਸਬੰਧ ਵਿਚ ਅਸੀਂ ਕਿੱਥੇ ਖੜ੍ਹੇ ਹਾਂ? ਅੱਜ ਸਥਿਤੀ ਇਹ ਹੈ ਕਿ ਆਈਲੈਟਸ ਰਾਹੀਂ ਜਾਂ ਕਿਸੇ ਹੋਰ ਢੰਗ ਰਾਹੀਂ ਭਾਵੇਂ ਕੋਈ ਸਾਡੀ ਮਾਂ ਭਾਸ਼ਾ ਵੱਢ ਲਵੇ ਪਰ ਸਾਨੂੰ ਅੰਗਰੇਜ਼ੀ ਸਿਖਾ ਕੇ, ਸਸਤੇ ਮਜ਼ਦੂਰ ਬਣਾ ਕੇ ਕੈਨੇਡਾ, ਅਮਰੀਕਾ, ਇੰਗਲੈਂਡ ਜਾਂ ਹੋਰ ਪੱਛਮੀ ਮੁਲਕਾਂ ਵਿਚ ਲੈ ਜਾਵੇ। ਇਸ ਦੌੜ 'ਚ ਪੰਜਾਬੀਅਤ ਦਾ ਕਿਰਦਾਰ ਇਸ ਪੱਧਰ ਤੱਕ ਨਿੱਘਰ ਚੁੱਕਾ ਹੈ। ਗੁਰੂ ਫਲਸਫ਼ੇ ਦੀ ਹਜ਼ੂਰੀ ਵਿਚ ਭੈਣ-ਭਰਾ, ਪਤੀ-ਪਤਨੀ ਬਣ ਕੇ ਇਸ ਬੇਗ਼ੈਰਤ ਰਾਹਾਂ ਦੇ ਪਾਂਧੀ ਬਣ ਚੁੱਕੇ ਹਨ। ਪੈਸੇ ਦੀ ਦੌੜ ਇਖਲਾਕ ਤੇ ਭਾਰੂ ਹੈ। ਸਿਆਸਤਦਾਨ ਵੀ ਸਾਨੂੰ ਮੁਥਾਜ ਬਣਾ ਕੇ ਕਰੋੜਾਂ ਅਰਬਾਂ ਰੁਪਏ ਖਰਚ ਕਰਕੇ ਸਾਡੀ ਵੋਟ ਲਿਆਕਤ ਨੂੰ ਖਰੀਦ ਲੈਂਦੇ ਹਨ। ਉਹਨਾਂ ਲਈ ਅਸੀਂ ਬਜ਼ਾਰ ਦੀ ਵਿਕਾਊ ਵਸਤੂ ਹਾਂ। ਦੇਸੀ ਅਤੇ ਵਿਦੇਸੀ ਸਾਮਰਾਜੀਆਂ ਲਈ ਅਸੀਂ ਸਸਤੇ ਭਾਅ ਦੇ ਭਾੜੇ ਦੇ ਮਜ਼ਦੂਰ ਹਾਂ। ਭਾਰਤ ਸਰਕਾਰ ਵੱਲੋਂ ਸਥਾਪਤ ਕੋਠਾਰੀ ਸਿੱਖਿਆ ਕਮਿਸ਼ਨ ਅਤੇ ਫਿਰ ਰਾਸ਼ਟਰੀ ਸਿੱਖਿਆ ਕਮਿਸ਼ਨ ਨੇ ਸਿੱਖਿਆ ਦੇ ਮਾਤ ਭਾਸ਼ਾ ਦੇ ਮਾਧਿਅਮ ਵਿਚ ਹੋਣ ਦੀ ਵਕਾਲਤ ਕੀਤੀ ਹੈ। ਜਦਕਿ ਮੋਦੀ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਅਧਿਆਪਕਾਂ ਦੀ ਤਨਖਾਹ ਨੂੰ ਵੀ ਸੇਵਾ ਭੱਤਾ ਕਹਿ ਕੇ ਪੈਨਸ਼ਨ ਰਹਿਤ ਕਰਕੇ ਵਪਾਰੀਕਰਨ ਦੇ ਰਾਹ ਤੁਰਨ ਦਾ ਸੰਕੇਤ ਦੇ ਰਹੀ ਹੈ। ਸਿੱਖਿਆ ਦੇ ਮਾਧਿਅਮ ਦਾ ਕੋਈ ਬਦਲ ਨਹੀਂ ਹੈ। ਪੰਜਾਬ ਦੇ ਅੰਗਰੇਜ਼ੀ ਸਕੂਲਾਂ ਵਿਚ ਤਾਂ ਵਿਦਿਆਰਥੀਆਂ ਤੇ ਮਾਂ ਬੋਲੀ ਬੋਲਣ ਤੇ ਵੀ ਬੰਦਸ਼ਾਂ ਹਨ। ਇਹ ਇਕ ਜੀਭ ਕੱਟਣ ਵਰਗਾ ਵਰਤਾਰਾ ਹੈ। ਪੰਜਾਬੀ ਬੋਲਣ ਵਾਲੇ ਦਾ ਮਜ਼ਾਕ ਉਡਾਇਆ ਜਾਂਦਾ ਹੈ ਗੰਵਾਰ ਕਿਹਾ ਜਾਂਦਾ ਹੈ। ਇਹ ਵਰਤਾਰਾ ਓਨਾ ਚਿਰ ਕਾਰਜਸ਼ੀਲ ਰਹੇਗਾ ਜਦੋਂ ਤੱਕ ਅਸੀਂ ਅਜਿਹਾ ਸਮਾਜ ਨਹੀਂ ਸਿਰਜ ਲੈਂਦੇ ਕਿ ਵਿਦੇਸ਼ੀ ਲੋਕ ਸਾਡੀ ਮਾਂ ਬੋਲੀ ਦੇ ਪੜ੍ਹਨ, ਲਿਖਤ, ਸੁਣਨ ਦੇ ਅੰਕ ਪ੍ਰਾਪਤ ਕਰਕੇ ਏਥੇ ਰੁਜ਼ਗਾਰ ਲਈ ਆਉਣਗੇ। ਜਿਵੇਂ ਪੁਰਾਤਨ ਸਮੇਂ ਵਿਦੇਸ਼ੀ ਨਾਲੰਦਾ ਯੂਨੀਵਰਸਿਟੀ ਵਿਚ ਸਿੱਖਿਆ ਪ੍ਰਾਪਤ ਕਰਨ ਲਈ ਆਉਂਦੇ ਸਨ।

ਏਥੇ ਮਾਂ ਬੋਲੀ ਪ੍ਰਤੀ ਪਿਆਰ ਸਤਿਕਾਰ ਭਾਵਨਾ ਦੇ ਸੰਬੰਧ ਵਿਚ ਰਾਬਿੰਦਰ ਨਾਥ ਟੈਗੋਰ ਦਾ ਦੋ ਪੱਖਾਂ ਤੋਂ ਜ਼ਿਕਰ ਕਰਨਾ ਚਾਹਾਂਗਾ। ਪਹਿਲਾਂ ਤਾਂ 1919 ਦੇ ਜਲਿਆਂਵਾਲੇ ਕਾਂਡ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਦਿੱਤਾ ਸਨਮਾਨ ਵਾਪਸ ਕਰਕੇ ਉਹਨਾਂ ਭਾਈ ਵੀਰ ਸਿੰਘ ਨੂੰ ਲਿਖਿਆ ਸੀ ਕਿ ਤੇਰੇ ਸ਼ਹਿਰ ਐਨਾ ਵੱਡਾ ਕਤਲੇਆਮ ਹੋ ਗਿਆ ਤੇ ਤੇਰੀ ਕਲਮ ਇਸ ਤੋਂ ਬੇਖ਼ਬਰ "ਵੈਰੀ ਨਾਗ ਤੇਰਾ ਪਹਿਲਾ ਝਲਕਾ ਜਦ ਅੱਖੀਆਂ ਵਿਚ ਵਜਦਾ" ਵਿਚ ਹੀ ਅੜੀ ਹੋਈ ਹੈ। ਜਦ ਕਿ ਬਾਬਰ ਸਮੇਂ ਮਹਾਨ ਪੁਰਸ਼ ਬਾਬਾ ਨਾਨਕ ਨੇ ਬਾਬਰ ਬਾਣੀ ਦੀ ਸਿਰਜਣਾ ਕੀਤੀ ਸੀ। ਤੁਹਾਡੀ ਕਲਮ ਕਿਥੇ ਖੜ੍ਹੀ ਹੈ? ਦੂਸਰਾ ਵਾਕਿਆ ਬਲਰਾਜ ਸਾਹਨੀ ਨਾਲ ਸਬੰਧਿਤ ਹੈ ਕਿ ਉਹ ਆਪਣੀਆਂ ਅੰਗਰੇਜ਼ੀ ਵਿਚ ਪ੍ਰਕਾਸ਼ਤ ਪੁਸਤਕਾਂ ਲੈ ਕੇ ਰਾਬਿੰਦਰ ਨਾਥ ਟੈਗੋਰ ਕੋਲ ਗਿਆ। ਕਿਤਾਬਾਂ ਦੇਖ ਕੇ ਟੈਗੋਰ ਨੇ ਕਿਹਾ ਕਿ "ਤੁਸੀਂ ਆਪਣੀ ਮਾਂ ਬੋਲੀ ਵਿਚ ਕਿਉਂ ਨਹੀਂ ਲਿਖਦੇ? ਮੈਂ ਬੰਗਲਾ ਭਾਸ਼ਾ ਵਿਚ ਲਿਖਦਾ ਹਾਂ।" ਬਲਰਾਜ ਸਾਹਨੀ ਦਾ ਉੱਤਰ ਸੀ ਕਿ "ਪੰਜਾਬੀ ਭਾਸ਼ਾ ਦਾ ਦਾਇਰਾ ਬੜਾ ਸੀਮਤ ਹੈ ਇਸ ਕਰਕੇ ਅੰਗਰੇਜ਼ੀ ਵਿਚ ਲਿਖਦਾ ਹਾਂ।"

ਇਸ ਦੇ ਜਵਾਬ ਵਿਚ ਟੈਗੋਰ ਨੇ ਕਿਹਾ ਕਿ "ਕੀ ਤੇਰਾ ਦਾਇਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੀ ਅਸੀਮਤ ਹੈ।" ਇਹ ਸੁਣ ਕੇ ਬਲਰਾਜ ਸਾਹਨੀ ਚੁੱਪ ਕਰ ਗਿਆ। ਮ ਾਂਬੋਲੀ ਪ੍ਰਤੀ ਅਹਿਸਾਸ ਜਾਗਿਆ ਤੇ ਪੰਜਾਬੀ ਭਾਸ਼ਾ ਵਿਚ ਸਾਹਿਤਕ ਸਿਰਜਣਾ ਕਰਨ ਲੱਗਾ। ਦੂਸਰੇ ਪਾਸੇ ਜੇ ਅਸੀਂ ਸ਼ਬਦਾਵਲੀ ਪੱਖੋਂ ਅੰਗਰੇਜ਼ੀ ਤੇ ਪੰਜਾਬੀ ਭਾਸ਼ਾ ਦੀ ਤੁਲਨਾ ਕਰੀਏ ਤਾਂ ਅੰਗਰੇਜ਼ੀ ਕੋਲ ਸਿਰਫ਼ ਡੇਢ ਕੁ ਲੱਖ ਸ਼ਬਦ ਹਨ ਜਦ ਕਿ ਪੰਜਾਬੀ ਸ਼ਬਦ ਭੰਡਾਰ ਵਿਚ ਇਹ ਗਿਣਤੀ ਤਿੰਨ ਲੱਖ ਦੇ ਕਰੀਬ ਹੈ। ਜਿਵੇਂ 1947 ਤੋਂ ਪਹਿਲਾਂ 30-35 ਕਰੋੜ ਦੀ ਭਾਰਤੀ ਵਸੋਂ ਹਜ਼ਾਰਾਂ ਕੁ ਦੀ ਗਿਣਤੀ ਦੇ ਅੰਗਰੇਜ਼ਾਂ ਦੀ ਗੁਲਾਮੀ ਕਰ ਰਹੀ ਸੀ। ਉਸੇ ਤਰ੍ਹਾਂ ਅੱਜ ਸ਼ਬਦ ਭੰਡਾਰ ਪੱਖੋਂ ਦੁੱਗਣੀ ਤਾਕਤ ਰੱਖਣ ਵਾਲੀ ਪੰਜਾਬੀ ਭਾਸ਼ਾ ਅੰਗਰੇਜ਼ੀ ਦੇ ਇਸ ਨਾਲੋਂ ਅੱਧੇ ਸ਼ਬਦਾਂ ਦਾ ਪਾਣੀ ਭਰ ਰਹੀ ਹੈ।

ਕੁਝ ਸਾਲ ਹੋਏ ਸੰਤ ਬਲਵੀਰ ਸਿੰਘ ਸੀਚੇਵਾਲ ਵੱਲੋਂ ਕਾਲੀ ਵੇਈਂ ਦੀ ਸਫ਼ਾਈ ਮੁਹਿੰਮ ਦੇਖਣ ਲਈ ਭਾਰਤ ਦੇ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁੱਲ ਕਲਾਮ ਪੰਜਾਬ ਆਏ। ਇਸ ਪੰਜਾਬ ਫੇਰੀ ਤੋਂ ਬਾਅਦ ਕਿਸੇ ਪੱਤਰਕਾਰ ਨੇ ਸਵਾਲ ਕੀਤਾ ਕਿ "ਡਾ. ਸਾਹਿਬ ਪੰਜਾਬ ਬਾਰੇ ਤੁਹਾਡਾ ਕੀ ਵਿਚਾਰ ਹੈ? ਇਸ ਸਵਾਲ ਦੇ ਜਵਾਬ ਵਿਚ ਉਹਨਾਂ ਕਿਹਾ ਕਿ "ਮੈਂ ਪੰਜਾਬ ਨੂੰ ਦੇਸ਼ ਦਾ ਇਕ ਗਰੀਬ ਸੂਬਾ ਸਮਝਦਾ ਹਾਂ।" ਹੈਂ ਇਹ ਕੀ? ਪੰਜਾਬ ਤਾਂ ਆਰਥਿਕ ਪੱਖੋਂ ਖੁਸ਼ਹਾਲ ਸੂਬਾ ਹੈ। ਸਭ ਤੋਂ ਵੱਧ ਅਨਾਜ ਪੈਦਾ ਕਰਦਾ ਹੈ ਅਤੇ ਤੁਸੀਂ ਇਸ ਨੂੰ ਗਰੀਬ ਕਹਿ ਰਹੇ ਹੋ? ਪੱਤਰਕਾਰ ਨੇ ਹੈਰਾਨੀ ਨਾਲ ਕਿਹਾ।

"ਹਾਂ ਪੰਜਾਬ ਇਕ ਗਰੀਬ ਸੂਬਾ ਹੈ। ਪਹਿਲਾਂ ਪੰਜਾਬ ਗਿਆਨ ਦੀ ਉਪਜ ਕਰਦਾ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ, ਜ਼ਫਰਨਾਮਾ ਇਸ ਦੀ ਉਦਾਹਰਣ ਹੈ। ਅਨਾਜ ਕੋਈ ਗਿਆਨ ਨਹੀਂ ਹੈ ਸਿਰਫ਼ ਭੁੱਖ ਤ੍ਰਿਪਤੀ ਹੈ। ਮਾਨਸਿਕ ਤ੍ਰਿਪਤੀ ਗਿਆਨ ਕਰਦਾ ਹੈ ਪਰ ਮੈਨੂੰ ਕਿਸੇ ਵੀ ਪੰਜਾਬੀ ਦੇ ਘਰ ਮਾਂ-ਬੋਲੀ ਦੀ ਸਾਹਿਤਕ ਪੁਸਤਕ ਦੇਖਣ ਨੂੰ ਨਹੀਂ ਮਿਲੀ।" ਡਾ. ਸਾਹਿਬ ਦੇ ਇਸ ਜਵਾਬ ਅੱਗੇ ਪੱਤਰਕਾਰ ਨਿਰਉੱਤਰ ਹੋ ਗਿਆ।

ਪੰਜਾਬ ਆਪਣੀਆਂ ਅਜਿਹੀਆਂ ਗਲਤੀਆਂ ਕਾਰਨ ਦੁੱਖ ਭੋਗ ਰਿਹਾ ਹੈ। ਗਿਆਨ ਦੀ ਘਾਟ ਕਾਰਨ ਭਾਸ਼ਾ ਪ੍ਰਤੀ ਲਾਪ੍ਰਵਾਹੀ, ਨਸ਼ਿਆਂ ਨੂੰ ਸ਼ਾਨ ਸਮਝਣਾ, ਵਿਹਲੇ ਰਹਿ ਕੇ ਕਿਰਤ ਰਹਿਤ ਹੋਣ ਨੂੰ ਸਰਦਾਰੀ ਦਾ ਮਾਣ ਸਮਝਣਾ, ਨਿੱਕੇ-ਨਿੱਕੇ ਲਾਲਚਾਂ ਲਈ ਜ਼ਮੀਰ ਤੇ ਅਣਖ਼ ਵੇਚ ਦੇਣੀ, ਬੇਟੀਆਂ ਨੂੰ ਜਨਮ ਤੋਂ ਪਹਿਲਾਂ ਮਾਰ ਦੇਣਾ, ਲੱਚਰਤਾ ਦੇ ਪ੍ਰਭਾਵ ਵਿਚ ਇਕ ਬੱਚੀ ਨਾਲ ਵੀ ਖੇਹ ਖਾਣੀ ਤੇ ਜ਼ਲੀਲ ਕਰਨਾ ਪੰਜਾਬੀਆਂ ਦਾ ਸਿਹਤਮੰਦ ਰੁਝਾਨ ਨਹੀਂ ਹੈ ਜੋ ਗਾਜਰ ਘਾਹ ਵਾਂਗ ਦਿਨੋਂ ਦਿਨ ਵਧ ਰਿਹਾਹੈ। ਇਹ ਹੱਥੀ ਬੀਜੇ ਕੰਢੇ ਸਾਨੂੰ ਹੀ ਪੋਟੇ ਜ਼ਖ਼ਮੀ ਕਰਵਾ ਕੇ ਚੁਗਣੇ ਪੈਣੇ ਹਨ। ਨਹੀਂ ਤਾਂ ਇਹ ਰੁਝਾਨ ਸਾਡੀ ਗੁਰੂਆਂ ਦੇ ਫ਼ਲਸਫ਼ੇ ਦੇ ਧਾਰਨੀ ਹੋਣ ਤੇ ਪ੍ਰਸ਼ਨ ਚਿੰਨ੍ਹ ਬਣ ਕੇ ਸਾਨੂੰ ਜੰਗਲੀ ਤੇ ਖ਼ੂੰਖਾਰ ਕੌਮ ਹੋਣ ਵੱਲ ਧੱਕ ਦੇਵੇਗੀ।

ਅਹਿਸਾਸ ਬਿਨਾਂ ਫਰਜ਼ ਨਹੀਂ ਜਾਗਦਾ, ਰੋਸ ਪੈਦਾ ਨਹੀਂ ਹੁੰਦਾ। ਕਿਉਂਕਿ ਇਹਨਾਂ ਹਾਲਤਾਂ ਕਰਕੇ ਪੰਜਾਬ ਦੀ ਭਾਸ਼ਾ, ਫਸਲ ਤੇ ਨਸਲ ਵੀ ਬੇਇਤਬਾਕੀ ਹੋ ਗਈ ਹੈ। ਮਾਪਿਆਂ ਨੂੰ ਪੁੱਤਰਾਂ ਪ੍ਰਤੀ ਚਿੰਤਾ ਤੇ ਬੇਇਤਬਾਰੀ ਹੈ ਕਿ ਕਿਤੇ ਉਹ ਚਿੱਟੇ ਦੇ ਨਸ਼ੇੜੀ ਨਾਂ ਬਣ ਜਾਣ। ਫਸਲਾਂ ਦਾ ਹਾਲ ਇਹ ਹੈ ਕਿ ਸਾਨੂੰ ਆਪਣੀ ਹੀ ਪੈਦਾ ਕੀਤੀ ਫਸਲ ਤੇ ਰੇਹਾਂ, ਸਪਰੇਆਂ ਕਾਰਨ ਬਹੁਕੰਪਨੀਆਂ ਦੇ ਮੁਨਾਫ਼ੇ 'ਚ ਇਜਾਫਾ ਕਰਕੇ ਦਿਲ ਦੀਆਂ ਬੀਮਾਰੀਆਂ, ਗੁਰਦਿਆਂ ਦਾ ਫੇਲ ਹੋ ਜਾਣਾ, ਦਿਮਾਗ਼ੀ ਨਾੜੀ ਦਾ ਫਟ ਜਾਣਾ ਜਾਂ ਨਸ਼ਿਆਂ ਦੀ ਵੱਧ ਮਾਤਰਾ ਲੈਣ ਤੇ ਜ਼ਾਨੀ ਦਾ ਖਤਮ ਹੋ ਜਾਣਾ, ਕਰਜ਼ਿਆਂ ਦੀ ਨਿਰਾਸ਼ਾ ਵਿਚ ਖੁਦਕਸ਼ੀਆਂ ਦਾ ਵੱਧ ਰਿਹਾ ਰੁਝਾਨ 1980 ਤੋਂ 1995 ਤੱਕ ਚੱਲੇ ਅੱਤਵਾਦ ਦੇ ਰੁਝਾਨ ਤੋਂ ਘੱਟ ਨਹੀਂ ਹੈ। ਘਰੇ ਸਬਜ਼ੀ ਜਾਂ ਫਲ ਖਾਂਦੇ ਸਮੇਂ ਸਾਨੂੰ ਇਹ ਪਤਾ ਨਹੀਂ ਹੁੰਦਾ ਕਿ ਕੱਲ੍ਹ ਇਸ ਉੱਪਰ ਕਿਹੜੀ ਜ਼ਹਿਰ ਦਾ ਛਿੜਕਾਅ ਕੀਤਾ ਹੋਇਆ ਹੈ। ਆਪਣੀ ਫਸਲ ਤੇ ਬੇਇਤਬਾਰੀ ਕਰਕੇ ਅਸੀਂ ਰਾਜਸਥਾਨ ਦੀ ਟਰਾਲੀ ਦਾ ਹੋਕਾ ਸੁਣ ਕੇ ਮੂੰਗੀ, ਮੋਠ, ਛੋਲੇ ਖਰੀਦਣ ਲੱਗ ਪੈਂਦੇ ਹਾਂ। ਮੱਧ ਪ੍ਰਦੇਸ਼ ਤੋਂ ਦੁੱਗਣੇ ਭਾਅ ਤੇ ਕਣਕ ਖਰੀਦਦੇ ਹਾਂ। ਇਸ ਕਰਕੇ ਅਸੀਂ ਸੋਚਦੇ ਹਾਂ ਕਿ ਇਹਨਾਂ ਤੇ ਕੋਈ ਰੇਹ, ਰਸਾਇਣਕ ਸਪਰੇਅ ਨਹੀਂ ਕੀਤੀ ਹੋਈ ਹੈ। ਸਾਡਾ ਉਹਨਾਂ ਦੀ ਫਸਲ ਤੇ ਵਿਸ਼ਵਾਸ਼ ਹੈ ਆਪਣੀ ਤੇ ਨਹੀਂ। ਜਦੋਂ ਆਪਣੀ ਭਾਸ਼ਾ ਪ੍ਰਤੀ ਵੀ ਇਹ ਬੇਰੁਖੀ ਅਪਣਾ ਲਈ ਹੈ ਤਾਂ ਅਸੀਂ ਬੁੱਤ ਬਣ ਗਏ ਹਾਂ। ਲੱਚਰ ਗਾਇਕ ਤੁਹਾਡੇ ਘਰਾਂ ਵਿਚ ਦੂਰਦਰਸ਼ਨ ਤੇ ਹਰ ਰੋਜ਼ ਤੁਹਾਡੀ ਪੱਗ ਤੇ ਠੁੱਡੇ ਮਾਰ ਰਹੇ ਹਨ। ਧਾਗੇ, ਤਵੀਤ, ਰਾਸ਼ੀ ਨਗ ਤੇ ਪੁੱਡਾ ਲੈ ਕੇ ਡੇਰਿਆਂ ਤੇ ਮੱਸਿਆ ਪੁੰਨਿਆਂ ਜਾਂ ਦੇਹਧਾਰੀ ਸਾਧਾਂ ਦੀਆਂ ਬਰਸੀਆਂ ਤੇ ਹਾਜ਼ਰੀ ਭਰ ਕੇ ਤੁਹਾਡੀ ਗ਼ੈਰਤ ਦੀ ਪੱਗ ਦਾ ਤੁਰਲਾ ਮਾਣਮੱਤਾ ਨਹੀਂ ਹੋ ਸਕਦਾ। ਕਿਉਂਕਿ ਸਾਨੂੰ ਦੁਸ਼ਮਣ ਦੀ ਪਠਾਣ ਭੁੱਲ ਗਈ ਹੈ। ਜਦ ਕੋਈ ਲੱਚਰ ਗਾਇਕ ਤੁਹਾਡੇ ਘਰ ਦੇ ਦੂਰਦਰਸ਼ਨ ਜਾਂ ਵਿਆਹਾਂ ਤੇ ਲਗਾਏ ਜਾਂਦੇ ਡੀ.ਜੇ. ਤੇ ਤੁਹਾਡੀਆਂ ਧੀਆਂ-ਭੈਣਾਂ ਤੇ ਪੋਤਰੀਆਂ ਨੂੰ ਸ਼ਰਮਸਾਰ ਜਾਂ ਬੇਲੱਜ ਕਰਦਾ ਹੋਇਆ ਕਹਿੰਦਾ ਹੈ ਕਿ "ਜਿੰਨੇ ਗਲ ਦੀ ਗਾਨੀ ਦੇ ਤੇਰੇ ਮਣਕੇ ਓਨੇ ਤੇਰੇ ਯਾਰ ਬੱਲੀਏ।" ਕੀ ਤੁਹਾਨੂੰ ਆਪਣੀਆਂ ਧੀਆਂ ਭੈਣਾਂ ਦੇ ਐਨੇ ਯਾਰ ਮਨਜ਼ੂਰ ਹਨ? ਕੋਈ ਉਹਨਾਂ ਦਾ ਲੱਕ ਟਵੰਟੀ ਏਟ ਕੁੜੀ ਦਾ ਕਹਿ ਕੇ ਸਿਰ ਤੋਂ ਲੈ ਕੇ ਪੈਰਾਂ ਤੱਕ ਨੰਗੀ ਕਰਦਾ ਹੈ। ਕੋਈ ਧੀ ਕੋਲੋਂ ਅਖਵਾ ਰਿਹਾ ਹੈ ਕਿ ਉਹ ਮਾਪਿਆਂ ਦੇ ਦੁੱਧ 'ਚ ਨੀਂਦ ਵਾਲੀਆਂ ਗੋਲੀਆਂ ਪਾ ਕੇ ਯਾਰ ਨੂੰ ਮਿਲਣ ਆਈ ਹੈ। ਅਜਿਹੇ ਅਨੇਕਾਂ ਬੇਸ਼ਰਮੀ ਭਰੇ ਬੋਲਾਂ ਨੂੰ ਤੁਹਾਡੀ ਬੇਗ਼ੈਰਤੀ ਬਰਦਾਸ਼ਤ ਹੀ ਨਹੀਂ ਕਰ ਰਹੀ ਸਗੋਂ ਪੰਜਾਬੀ ਆਪਣੀਆਂ ਪੋਤਰੀਆਂ ਦੇ ਹਾਣ ਦੀਆਂ ਧੀਆਂ 'ਚ ਜਾਮ ਪਾ ਕੇ ਨੱਚਦੇ ਹਨ। ਕੀ ਇਹ ਸਾਡੀ ਜਹਿਨੀਅਤ ਵਿਚ ਅਬਦਾਲੀ ਦਾ ਮੁੜ ਵਸੇਬਾ ਨਹੀਂ ਹੈ। ਉਹ ਤਾਂ ਤਲਵਾਰ ਦੇ ਜ਼ੋਰ ਤੇ ਧੀਆਂ ਨੂੰ ਬਾਂਧਾਂ ਬਣਾਉਂਦਾ ਸੀ ਤੇ ਤੁਹਾਡੇ ਇਹ ਹਰਮਨ ਪਿਆਰੇ ਲੱਚਰ ਗਾਇਕ ਜਿੰਨਾਂ ਦੇ ਸਿਰਾਂ ਤੇ ਤੁਸੀਂ ਫੁਲਕਾਰੀਆਂ ਤਾਣ ਕੇ ਗੱਲਾਂ 'ਚ ਫੁੱਲਾਂ ਦੇ ਹਾਰ ਪਾ ਕੇ ਸਟੇਜਾਂ ਤੇ ਲਿਆਉਂਦੇ ਹੋ ਤਾਂ ਤੁਹਾਡੀ ਅਣਖ ਵਾਲੀ ਦਸਤਾਰ ਉਹਨਾਂ ਦੀ ਜੁੱਤੀ ਥੱਲੇ ਹੁੰਦੀ ਹੈ। ਜਦ ਉਹ ਕਿੱਲ ਕੇ ਤੁਹਾਡੇ ਵੱਲ ਇਸ਼ਾਰਾ ਕਰਕੇ ਗਾਉਂਦੇ ਹਨ ਕਿ

**"ਧੀ ਤਾਂ ਥੋਡੀ ਜੱਟੋ ਤੁਰਗੀ ਨਾਲ ਮਲੰਗਾਂ ਦੇ"**

ਇਹ ਬੋਲ ਸੁਣ ਕੇ ਤੁਸੀਂ ਸੌ-ਪੰਜਾਹ ਦਾ ਨੋਟ ਇਨਾਮ ਵਿਚ ਦੇ ਕੇ ਗੁਰਮੁਖੀ ਭਾਸ਼ਾ ਤੇ ਮਾਂ ਬੋਲੀ ਨਾਲ ਗੱਦਾਰੀ ਹੀ ਨਹੀਂ ਕਰਦੇ ਸਗੋਂ ਮਾਂ ਦੀ ਅਸਮਤ ਨਾਲ ਖੇਹ ਖਾਂਦੇ ਹੋ। ਜਦੋਂ ਪੰਜਾਬੀ ਭਾਸ਼ਾ ਵਿਚ "ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ" ਵਾਲਾ ਅਹਿਸਾਸ ਪ੍ਰਬਲ ਹੋ ਗਿਆ ਤਾਂ ਪੰਜਾਬੀ ਭਾਸ਼ਾ ਨੂੰ ਲੁੱਚਿਆ ਦੀ ਗੁੰਡਿਆਂ ਦੀ ਭਾਸ਼ਾ ਬਣਾਉਣ ਵਾਲੇ ਨਚਾਰਾ ਦੇ ਸਿਰ ਸਾਹਿਬਜ਼ਾਦਿਆਂ ਵੱਲਂ ਮੁਗਲਾਂ ਦੇ ਲਾਹੇ ਸਿਰਾਂ ਵਾਂਗ ਮਾਂ ਬੋਲੀ ਪ੍ਰਤੀ ਫਰਜ਼ਾਂ ਦੀ ਜੰਗ ਦੇ ਮੈਦਾਨ ਵਿਚ ਪਏ ਹੋਣਗੇ। ਪਰ ਮੰਜ਼ਲ ਅਜੇ ਬਹੁਤ ਦੂਰ ਹੈ। ਅਸੀਂ ਤਾਂ ਮੱਕੜੀ ਵਾਂਗ ਆਪਣੇ ਹੀ ਜਾਲ ਵਿਚ ਫਸੇ ਹੋਏ ਹਾਂ। ਜਦ ਲੱਚਰ ਗੀਤਾਂ ਤੇ ਅਮਲ ਕਰਕੇ ਧੀ ਭੈਣ ਉਧਲ ਜਾਂਦੀ ਹੈ ਤਾਂ ਫਿਰ ਸਾਨੂੰ ਪੱਗ ਤੇ ਲੱਗਾ ਦਾਗ ਵੀ ਬਰਦਾਸ਼ਤ ਨਹੀਂ ਹੁੰਦਾ। ਫੋਕੀ ਅਣਖ਼ ਖਾਤਰ ਕਤਲ ਕਰਕੇ ਜੇਲ੍ਹਾਂ, ਮੁਕੱਦਮੇ ਤੇ ਵਕੀਲਾਂ ਰਾਹੀਂ ਪਿਓ ਦਾਦੇ ਦੀ ਕਮਾਈ ਵੀ ਰੋੜ੍ਹ ਦਿੰਦੇ ਹਾਂ। ਇਹ ਮਾਂ ਬੋਲੀ ਦਾ ਤੁਹਾਨੂੰ ਸਰਾਪ ਹੈ। ਜੇ ਤੁਸੀਂ ਮਾਂ ਬੋਲੀ ਦੀ ਤਸੀਰ ਨੂੰ ਮਾਰੋਗੇ ਤਾਂ ਮੇਰਾ ਦਾਗਿਸਤਾਨ ਦੀ ਮਾਂ ਵਾਂਗ ਪੰਜਾਬੀ ਮਾਂ ਬੋਲੀ ਵੀ ਆਪ ਦੇ ਬੇਗ਼ੈਰਤ ਤੇ ਅਣਖ਼ ਪੱਖੋਂ ਮਰੇ ਪੁੱਤਰਾਂ ਦੇ ਹਸ਼ਰ ਤੇ ਮੂੰਹ ਤੇ ਪੱਲੂ ਲਵੇਗੀ।

ਇਸ ਰੁਝਾਨ ਸਦਕਾ ਜਦੋਂ ਅਸੀਂ ਪੰਜਾਬੀ ਖੁਦ ਅਣਖ਼ ਤੋਂ ਸੱਖਣੇ ਹਾਂ, ਲਾਪ੍ਰਵਾਹ ਹਾਂ ਤਾਂ ਸਾਡੀ ਸੋਚ ਵਿਚ ਫਰਾਂਸੀਸੀਆਂ, ਅਰਬੀ, ਚੀਨੀ, ਰੂਸੀ, ਕੋਰੀਅਨ ਤੇ ਜਪਾਨੀ ਭਾਸ਼ਾ ਨੂੰ ਪਿਆਰ ਕਰਨ ਵਾਲਿਆਂ ਵਰਗਾ ਪਿਆਰ ਨਹੀਂ ਆ ਸਕਦਾ। ਜੇ ਸਾਡੇ ਪੰਜਾਬੀ ਪਿਆਰਿਆਂ ਦੇ ਮਨ 'ਚ ਇਹ ਅਹਿਸਾਸ ਹੋਵੇ ਕਿ ਜਿਵੇਂ ਸੁੰਦਰ ਲਾਲ ਬਹੁਗੁਣਾ ਦਰੱਖ਼ਤ ਕੱਟਣ ਆਏ ਲੋਕਾਂ ਤੋਂ ਦਰੱਖ਼ਤਾਂ ਨੂੰ ਬਚਾਉਣ ਲਈ ਉਹਨਾਂ ਨਾਲ ਚਿਪਕ ਕੇ ਚਿਪਕੋ ਅੰਦੋਲਨ ਚਲਾ ਦਿੱਤਾ ਸੀ। ਵਿਰਸਾ ਮੁੰਡੇ ਨੇ ਅਣਖ਼ ਪੈਦਾ ਕੀਤੀ ਸੀ ਤਾਂ ਅਸੀਂ ਗੁਰੂ ਦੇ ਸਿੰਘ ਹੋ ਕੇ, ਨਿੱਤਨੇਮ ਕਰਨ ਵਾਲੇ, ਲੰਗਰ, ਛਬੀਲਾਂ ਲਗਾ ਕੇ ਸੇਵਾ ਭਾਵਨਾ ਰੱਖਣ ਵਾਲੇ ਆਪਣੀ ਮਾਂ ਨੂੰ ਬਚਾਉਣ ਲਈ ਮਾਂ ਨੂੰ ਨੰਗਾ ਕਰਨ ਵਾਲੇ ਲੱਚਰ ਹੱਥਾਂ ਨੂੰ ਕਿਉਂ ਨਹੀਂ ਰੋਕ ਸਕੇ? ਕੀ ਇਹ ਸਾਡਾ ਦੋਗਲਾ ਵਰਤਾਰਾ ਨਹੀਂ ਹੈ? ਇਸ ਵਰਤਾਰੇ ਨੇ ਸਾਨੂੰ (ਬਾਬਾ ਫਰੀਦ, ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਜਦ ਸਾਰੇ ਹੀਲੇ ਬੇਕਾਰ ਹੋ ਜਾਣ ਤਾਂ ਹਥਿਆਰ ਚੁੱਕਣਾ ਜਾਇਜ਼ ਹੈ, ਬੰਦਾ ਬਹਾਦਰ ਜੀ ਨੇ ਵੀ ਸਾਧੂ ਬਿਰਤੀ ਤੋਂ ਉੱਪਰ ਉੱਠ ਕੇ ਅਜਿਹਾ ਕੀਤਾ ਸੀ) ਸਭ ਭੁਲਾ ਦਿੱਤੇ ਹਨ। ਸਾਨੂੰ ਪੰਜਾਂ ਪਿਆਰਿਆਂ ਦੇ ਨਾਮ ਯਾਦ ਨਹੀਂ। ਭਗਤ ਸਰਾਭੇ ਤੇ ਊਧਮ ਸਿੰਘ ਦੇ ਕਾਰਨਾਮੇ ਤੇ ਮਿਤੀਆਂ ਯਾਦ ਨਹੀਂ ਕਿਉਂਕਿ ਪਹਿਲੀ ਤੋਂ ਲੈ ਕੇ ਅੱਠਵੀਂ ਤੱਕ ਬਿਨਾਂ ਪੜ੍ਹੇ ਪਾਸ ਹੋਣ ਵਾਲੀ ਸਿੱਖਿਆ ਨੀਤੀ ਨੇ ਸਾਨੂੰ ਕਿਤਾਬਾਂ ਤੋਂ ਦੂਰ ਕਰਕੇ ਦੂਰਦਰਸਨ ਦੇ ਨੇੜਲੇ ਲੱਚਰ ਵਰਤਾਰੇ, ਨੈਟ ਤੇ ਹੋਰ ਤਕਨੀਕਾਂ ਨੇ ਪੰਜਾਬੀ ਹੀ ਨਹੀਂ ਰਹਿਣ ਦਿੱਤਾ ਜਿਸ ਦਾ ਸ਼ਿਕਾਰ ਸੁੱਚਾ ਸਿੰਘ ਲੰਗਾਹ ਵਰਗੇ ਵੀ ਹੋ ਗਏ। ਜੇ ਏਹੀ ਹਾਲ ਰਿਹਾ ਤੰ ਜਿਊਂਦੇ ਜੀ ਮਰ ਜਾਵਾਂਗੇ। ਮਾਂ ਬੋਲੀ ਤੇ ਭਾਸ਼ਾ ਪ੍ਰਤੀ ਅਜਿਹੀ ਬੇਗਾਨਗੀ ਤੇ ਨਾਂ-ਸ਼ੁਕਰੇਪਣ ਦਾ ਸਰਾਪ ਸਭ ਦੇ ਸਿਰ ਹੋਵੇਗਾ। ਸਾਡੀ ਇਸ ਬੇਰੁਖੀ ਨੂੰ ਪੰਜਾਬੀ ਪਿਆਰੇ ਨੇ ਹੂਕਮ ਾਰੀ ਹੈ ਕਿ

**ਜਿਊਂਦੇ ਜੀ ਨਾਂ ਜਿੰਨਾ ਨੇ ਬਾਤ ਪੁੱਛੀ**
**ਵੇ ਮੈਂ ਬੋਲੀ ਹਾਂ ਉਹਨਾਂ ਪੰਜਾਬੀਆਂ ਦੀ।**

ਇਸ ਹੂਕ ਨੂੰ ਸੁਣੋ ਤੇ ਮਨ ਮਸਤਕ ਤੇ ਜ਼ਮੀਰਾਂ ਦੇ ਤਰਾਜੂ ਵਿਚ ਪਾ ਕੇ ਖਰੇ ਖੋਟੇ ਦੀ ਪਰਖ ਕਰੋ। ਹੁਣ ਜਾਗਣ ਦਾ ਵੇਲਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਜਦੋਂ ਜਾਗੋ ਉਦੋ ਹੀ ਸਵੇਰਾ ਹੈ। ਇਹਨਾਂ ਸ਼ਬਦਾਂ ਨਾਲ ਪੰਜਾਬੀ ਭਾਸ਼ਾ ਪ੍ਰਤੀ ਇਸਦੇ ਪਿਆਰਿਆਂ ਨੂੰ ਮਾਂ ਨੂੰ ਕਲਾਵੇ ਵਿਚ ਲੈ ਕੇ ਬੇਕਦਰੀ ਦੇ ਬਿਰਧ ਘਰ 'ਚੋਂ ਕੱਢ ਕੇ ਪਟਰਾਣੀ ਬਣਾਉਣ ਤੇ ਜਾਗਦੇ ਰਹਿਣ ਦਾ ਹੋਕਾ ਹੈ। ਨਹੀਂ ਤਾਂ ਮਾਂ ਬੋਲੀ ਦੇ ਕੰਨਾਂ ਵਿਚ ਸ਼ੁੱਧ ਸੋਨੇ ਵਰਗੇ ਅਣਖ਼ ਭਰੇ ਸ਼ਬਦਾਂ ਨੂੰ ਝਪਟਣ ਵਾਲੇ ਲੁਟੇਰੇ ਚੋਰ ਤੇ ਠੱਗ ਵਣਜਾਰੇ ਇਸ ਦੁਆਲੇ ਮੰਡਰਾ ਰਹੇ ਹਨ। ਵਿਦੇਸ਼ੀਆਂ ਦੇ ਹਮਲਿਆਂ ਵਾਂਗ ਇਹਨਾਂ ਨਾਲ ਸੇਰ ਨੂੰ ਸਵਾ ਸੇਰ ਬਣ ਕੇ ਸਿੱਝਣ ਦੀ ਲੋੜ ਹੈ। ਜੇ ਮੂੰਹ ਫੇਰ ਲਵੋਗੇ ਤਾਂ ਪੰਜਾਬ ਵਿਚ ਮਹਿਕ ਵਤਨ ਦੀ ਨਹੀਂ ਆਵੇਗੀ। ਪੰਜਾਬ ਧਰਤੀ ਦਾ ਨਰਕ ਬਣ ਜਾਵੇਗਾ ਜੇ ਜਾਗ ਪਏ ਤਾਂ ਸਵਰਗ ਬਣਾ ਸਕਦੇ ਹਾਂ। ਇਹ ਮਹਿਕ ਵਤਨ ਦੀ ਤੁਹਾਡੇ ਮਨ ਮਸਤਕ ਤੇ ਦਸਤਕ ਹੈ। ਇਕ ਵੇਦਨਾ ਹੈ ਫੈਸਲਾ ਤੁਹਾਡੀ ਸਮਝ ਤੇ ਹੈ।

ਆਮੀਨ!

## ਬਾਬਾ ਨਜਮੀ ਦੀ ਪੰਜਾਬੀ ਕਵਿਤਾ

1. ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ

ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ।

ਲੋਕੀ ਮੰਗ ਮੰਗਾ ਕੇ ਆਪਣਾ, ਬੋਹਲ ਬਣਾ ਕੇ ਬਹਿ ਗਏ ਨੇ;
ਅਸਾਂ ਤਾਂ ਮਿੱਟੀ ਕਰ ਦਿੱਤਾ ਏ, ਸੋਨਾ ਗਾਲ ਪੰਜਾਬੀ ਦਾ।

ਜਿਹੜੇ ਆਖਣ ਵਿਚ ਪੰਜਾਬੀ, ਵੁਸਅਤ ਨਹੀਂ ਤਹਿਜ਼ੀਬ ਨਹੀਂ;
ਪੜ੍ਹ ਕੇ ਵੇਖਣ ਵਾਰਸ, ਬੁੱਲ੍ਹਾ, ਬਾਹੂ, ਲਾਲ ਪੰਜਾਬੀ ਦਾ।

ਮਨ ਦਾ ਮਾਸ ਖਵਾ ਦੇਂਦਾ ਏ, ਜਿਹੜਾ ਏਹਨੂੰ ਪਿਆਰ ਕਰੇ;
ਕੋਈ ਵੀ ਜਬਰਨ ਕਰ ਨਹੀਂ ਸਕਦਾ, ਵਿੰਗਾ ਵਾਲ ਪੰਜਾਬੀ ਦਾ।




# ਗੁਲਦਸਤੇ

- ਪਰਮਜੀਤ ਕੌਰ ਸਰਹਿੰਦ
#209, ਪ੍ਰੀਤ ਨਗਰ, ਬਸੀ ਰੋਡ ਸਰਹਿੰਦ
ਜਿਲ੍ਹਾ ਫਤਹਿਗੜ੍ਹ ਸਾਹਿਬ -140 406 (ਪੰਜਾਬ)
98728-98599






ਆਮ ਤੌਰ ਤੇ ਅਖ਼ਬਾਰਾਂ ਵਿਚ ਨਿੱਕੀਆਂ ਬੱਚੀਆਂ ਧੀਆਂ ਵਾਰੇ ਮਾਪਿਆਂ ਦੇ ਨਿੱਕੇ-ਨਿੱਕੇ ਮਿੱਠੇ-ਮਿੱਠੇ ਅਨੁਭਵ ਪੜ੍ਹਨ ਨੂੰ ਮਿਲਦੇ ਹਨ। ਜਿਨ੍ਹਾਂ ਨੂੰ ਪੜ੍ਹ ਕੇ ਮੈਨੂੰ ਲੱਗਦਾ ਹੈ ਕਿ ਘਰ ਤਾਂ ਜਿਵੇਂ ਗੁਲਦਸਤੇ ਹੁੰਦੇ ਨੇ ਜਿੱਥੋਂ ਸਾਨੂੰ ਇਹ ਖ਼ੁਸ਼ਬੂ ਵਰਗੇ ਅਹਿਸਾਸ ਨਸੀਬ ਹੁੰਦੇ ਨੇ। ਗੁਲਦਸਤੇ ਵਿਚ ਫੁੱਲ ਵੀ ਹੁੰਦੇ ਨੇ ਤੇ ਕਲੀਆਂ ਵੀ। ਇਹ ਰਲਕੇ ਆਪਣੀ ਖ਼ੁਸ਼ਬੂ ਨਾਲ ਸਾਡੀ ਰੂਹ ਨੂੰ ਨਸ਼ਿਆਉਂਦੇ ਨੇ, ਘਰ ਨੂੰ ਮਹਿਕਾਉਂਦੇ ਨੇ। ਕਦੇ ਦੁੱਖਾਂ ਦੀਆਂ ਵਗਦੀਆਂ ਤੱਤੀਆਂ ਲੂਆਂ ਵਿਚ ਇਹ ਸਮੀਰ ਦੇ ਬੁੱਲੇ ਬਣ ਕੇ ਰੁਮਕਦੇ ਨੇ ਤੇ ਕਦੇ ਇੱਕ ਕ੍ਰਿਸ਼ਮੇ ਵਾਂਗ ਵਹਿੰਦੇ ਹੰਝੂਆਂ ਲਈ ਇਨ੍ਹਾਂ ਦੀ ਨਿਰਛਲ ਮੁਸਕਾਨ ਰੇਸ਼ਮੀ ਰੁਮਾਲ ਬਣ ਕੇ ਬਹੁੜਦੀ ਹੈ, ਜਿਸ ਦੀ ਬਦੌਲਤ ਕੋਈ ਮਰੂ-ਮਰੂ ਕਰਦੀ ਜਿੰਦ ਵੀ ਜੀਣਾ ਸੋਚਣ ਲੱਗ ਪੈਂਦੀ ਹੈ। ਇਹ ਫੁੱਲ ਤੇ ਕਲੀਆਂ ਸਾਡੇ ਨਿੱਕੇ-ਨਿੱਕੇ ਮਾਸੂਮ ਜਿਹੇ ਬੱਚੇ ਹੁੰਦੇ ਨੇ ਰੱਬ ਵਰਗੇ...। ਇਹ ਸਾਡੇ ਆਪਣੇ ਜਾਏ ਵੀ ਹੋ ਸਕਦੇ ਨੇ, ਸਾਡੇ ਧੀਆਂ-ਪੁੱਤਰਾਂ ਦੇ ਬੱਚੇ ਵੀ ਅਤੇ ਕਿਸੇ ਹੋਰ ਆਪਣੇ-ਪਰਾਏ ਦੇ ਵੀ। ਸੋ ਸਾਡੇ ਆਲੇ-ਦੁਆਲੇ ਟਹਿਕਦੇ-ਮਹਿਕਦੇ ਨੇ। ਇਨ੍ਹਾਂ ਦੀ ਟਹਿਕ-ਮਹਿਕ ਇੱਕੋ ਜਿਹੀ ਹੁੰਦੀ ਹੈ, ਜੇ ਅਸੀਂ ਸਮਝ ਸਕੀਏ ਮਹਿਸੂਸ ਕਰ ਸਕੀਏ।

ਮੇਰੇ ਬੇਟੇ ਦੇ ਦੋ ਨਿੱਕੇ ਬੱਚੇ ਨੇ ਸਵਾ ਕੁ ਚਾਰ ਸਾਲਾਂ ਦੀ ਧੀ ਅਤੇ ਸਾਢੇ ਕੁ ਪੰਜ ਸਾਲਾਂ ਦਾ ਪੁੱਤਰ। ਜੇ ਅਸੀਂ ਉਨ੍ਹਾਂ ਨੂੰ ਪਿਆਰਦਿਆਂ ਦੁਲਾਰਦਿਆਂ ਇੱਕ ਨੂੰ ਆਖ ਦੇਈਏ 'ਤੁਸੀਂ ਤਾਂ ਸਾਡੇ ਪਿਆਰੇ ਬੇਟੇ ਓ' ਤਾਂ ਦੂਜਾ ਫੁੱਲੇ ਹੋਏ ਗੁਬਾਰੇ ਵਰਗਾ ਮੂੰਹ ਬਣਾ ਕੇ ਰੁੱਸ ਕੇ ਆਖਦਾ ਹੈ। ਕਿਉਂ ਮੈਂ ਤੁਹਾਡਾ ਪਿਆਰਾ ਬੇਟਾ ਨਹੀਂ ਹਾਂ। ਤੇ ਅਸੀਂ ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਮਨਾਉਂਦੇ ਹਾਂ। ਸਵੇਰੇ ਉੱਠ ਕੇ ਦੋਵੇਂ ਗੁੱਡ ਮੌਰਨਿੰਗ ਤੇ ਰਾਤੀਂ ਸੌਣ ਲੱਗੇ ਗੁੱਡ ਨਾਈਟ ਜ਼ਰੂਰ ਕਹਿੰਦੇ ਨੇ ਪਰ ਮੈਂ ਉਨ੍ਹਾਂ ਨੂੰ ਸਵੇਰੇ ਸ਼ੁਭ ਸਵੇਰ ਤੇ ਰਾਤੀਂ ਸ਼ੁਭ ਰਾਤਰੀ ਕਹਿਣਾ ਸਿਖਾ ਇਸ ਤਰ੍ਹਾਂ ਆਪਣੀ ਮਾਂ ਬੋਲੀ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੀ ਹਾਂ।

ਲਾਡੋ ਰਾਣੀ ਤਾਂ ਸਿੱਖ ਗਈ ਹੈ ਪਰ ਪੁੱਤਰ ਜੀ ਕਦੇ-ਕਦੇ ਗੁੱਡ ਨਾਈਟ ਜਾਂ ਗੁੱਡ ਮੌਰਨਿੰਗ ਦਾ ਰੱਟਾ ਪਾ ਲੈਂਦੇ ਨੇ ਕਿ"ਸਕੂਲ ਵਿਚ ਮੈਡਮ ਤਾਂ ਕਹਿੰਦੇ ਨੇ ਗੁੱਡ ਮੌਰਨਿੰਗ ਤੇ ਗੁੱਡ ਨਾਈਟ ਆਖਿਆ ਕਰੋ।¢ਖ਼ੈਰ ਜਦੋਂ ਉਹ ਸਵੇਰੇ ਸੁਸਤੀ ਵਿਚ ਹੋਣ ਤੇ ਵੀ ਮਿੱਠੇ ਜਿਹੇ ਬੋਲਾਂ ਨਾਲ ਕਹਿੰਦੇ ਨੇ 'ਦਾਦਾ ਮੰਮੀ-ਪਾਪਾ ਸ਼ੁਭ ਸਵੇਰ' ਤਾਂ ਲੱਗਦਾ ਹੈ ਸੂਰਜ ਦੀਆਂ ਕਿਰਨਾਂ ਮੁਸਕਰਾ ਰਹੀਆਂ ਨੇ ਫਿਜ਼ਾ ਵਿੱਚ ਮਹਿਕ ਘੁਲ ਗਈ ਹੈ ਉਨ੍ਹਾਂ ਨੰਨ੍ਹਿਆਂ ਮੁੰਨਿਆਂ ਦੇ ਬੋਲ ਸਾਨੂੰ ਕਿਸੇ ਦੁਆ ਜਿਹੇ ਲੱਗਦੇ ਨੇ।

ਸਵੇਰੇ ਤੇ ਰਾਤੀਂ ਸਾਡੀ ਨਿੱਕੀ ਬੱਚੀ ਭਰਾ ਦੇ ਰੀਸੇ ਸਾਡੇ ਪੈਰ ਛੂਹਣ ਦੀ ਜ਼ਿੱਦ ਕਰਦੀ ਹੈ। ਪੈਰ ਛੂਹਣ ਤੇ ਜਿਵੇਂ ਅਸੀਂ ਬੇਟੇ ਨੂੰ ਪਿਆਰ ਤੇ ਦੁਆਵਾਂ ਦੇਂਦੇ ਹਾ ਬੱਚੀ ਨੂੰ ਵੀ ਉਸੇ ਤਰ੍ਹਾਂ ਪਿਆਰਦੇ ਹਾਂ। ਪੈਰ ਛੂਹਣ ਦੀ ਜਿੱਦ ਕਰਦੀ ਨੂੰ ਮੈਂ ਬੜੀ ਔਖ ਨਾਲ ਸਮਝਾਉਂਦੀ ਹਾਂ ਕਿ ਬੇਟਾ ਤੂੰ ਤਾਂ ਸਾਡੀ ਦੇਵੀ ਏਂ-ਕੰਨਿਆ ਦੇਵੀ, ਤੇ ਕੋਈ ਦੇਵੀ ਕਦੇ ਕਿਸੇ ਦੇ ਪੈਰ ਛੂੰਹਦੀ ਹੈ? ਇੱਕ ਦਿਨ ਸਵੇਰੇ 'ਸ਼ੁਭ ਸਵੇਰ' ਕਹਿ ਕੇ ਬੱਚੀ ਨੇ ਆਪਣੇ ਇੱਕ ਹੱਥ ਦੀ ਮੁੱਠੀ ਜਿਹੀ ਬਣਾ ਕੇ ਆਪਣੇ ਸਿਰ ਤੇ ਰੱਖੀ ਤੇ ਮੈਨੂੰ ਆਖਣ ਲੱਗੀ, 'ਦਾਦਾ ਮੰਮੀ ਦੇਖੋ ਇਹ ਮੇਰਾ ਜੂੜਾ ਹੈ, ਮੈਂ ਮੁੰਡਾ ਬਣ ਗਈ' ਮੈਂ ਸਹਿਜ ਸੁਭਾਅ ਪਿਆਰ ਨਾਲ ਕਿਹਾ 'ਹਾਂ ਬੇਟਾ ਤੁਸੀਂ ਮੁੰਡਾ ਬਣ ਗਏ' ਤਾਂ ਉਸ ਨੇ ਝਟਪਟ ਦੂਜੇ ਹੱਥ ਨਾਲ ਮੇਰੇ ਪੈਰ ਛੂਹ ਲਏ। ਮੈਂ ਹੈਰਾਨ ਹੋਈ ਉਸ ਦੀ ਮਾਸੂਮੀਅਤ ਅਤੇ ਸੂਝ ਨੂੰ ਦੇਖਦੀ ਰਹਿ ਗਈ ਤੇ ਪਿਆਰ ਨਾਲ ਉਸ ਨੂੰ ਗਲ ਲਾ ਕੇ ਕਿਹਾ 'ਬੇਟਾ ਤੂੰ ਸਾਡੀ ਦੇਵੀ ਹੀ ਨਹੀਂ ਉਸਤਾਦ ਵੀ ਏਂ'। ਕਦੇ ਮੈਂ ਜ਼ਰਾ ਉਦਾਸ ਹੋਵਾਂ ਦੋਵੇਂ ਬੱਚੇ ਪੁੱਛਣਗੇ 'ਤੁਸੀਂ ਚੁੱਪ ਕਿਉਂ ਹੋ?' ਉਹ ਉਦਾਸੀ ਨੂੰ ਚੁੱਪ ਦਾ ਨਾਂ ਦੇਂਦੇ ਨੇ। ਉਹਨਾਂ ਦੀ ਪੁੱਛ ਨਾਲ ਜਿਵੇਂ ਅੱਧੀ ਉਦਾਸੀ ਉੱਡ ਜਾਂਦੀ ਹੈ।

ਰੋਜ਼ ਦੋਵੇਂ ਬੱਚੇ ਤਿੰਨ ਕੁ ਵਜੇ ਸਕੂਲੋਂ ਆ ਕੇ ਕੁਝ ਖਾ ਪੀ ਕੇ ਮੇਰੇ ਕੋਲ ਖੇਡਦੇ ਨੇ। ਇੱਕ ਦਿਨ ਮੇਰੇ ਬੈਡ ਤੇ ਆਪਣੇ ਖਿਡੌਣੇ ਖਿਲਾਰੀ ਖੇਡ ਰਹੇ ਸਨ। ਮੈਨੂੰ ਥੋੜ੍ਹੀ ਠੰਢਕ ਮਹਿਸੂਸ ਹੋਈ ਤੇ ਮੈਂ ਕਿਹਾ""ਪੂਨਮ ਪ੍ਰਤੀਕ ਬੇਟਾ ਮੈਨੂੰ ਕੰਬਲ ਲਿਆ ਕੇ ਦਿਓ' ਉਹ ਬਹਾਨੇਬਾਜ਼ੀ ਕਰਦਿਆਂ ਬੋਲਿਆ 'ਮੈਨੂੰ ਪਤਾ ਨਹੀਂ ਕੰਬਲ ਕਿੱਥੇ ਹੈ?'

ਮੈਂ ਕਿਹਾ ਤੁਹਾਨੂੰ ਪਤਾ ਹੈ ਕੰਬਲ ਸਟੋਰ ਵਿਚ ਹੈ ਅਤੇ ਉਹ ਹੱਸਦਾ ਹੋਇਆ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਕੰਬਲ ਚੁੱਕ ਲਿਆਇਆ। ਮੈਂ ਕਿਹਾ 'ਬੇਟਾ ਸ਼ੁਕਰੀਆ' ਉਹ ਬੋਲਿਆ ਇਸ ਵਿਚ ਸ਼ੁਕਰੀਆ ਕਰਨ ਦੀ ਕੋਈ ਜ਼ਰੂਰਤ ਨਹੀਂ ਇਹ ਮੇਰਾ 'ਫਰਸ' (ਫਰਜ਼) ਹੈ" ਉਸ ਦੇ ਮਿੱਠੇ ਤੇ ਸਿਆਣੇ ਬੋਲ ਸੁਣ ਕੇ ਮੈਂ ਦੰਗ ਰਹਿ ਗਈ ਤੇ ਉਸ ਨੂੰ ਪਿਆਰ ਨਾਲ ਪੁੱਛਿਆ ਕਿ"ਤੁਸੀਂ ਐਡੀ ਸੋਹਣੀ ਚੰਗੀ ਗੱਲ ਕਿੱਥੋਂ ਸਿੱਖੀ ਹੈ? ਪਹਿਲਾਂ ਤਾਂ ਉਸ ਆਖਿਆ"ਮੈਨੂੰ ਆਪੀ ਪਤਾ ਹੈ ਪਰ ਫਿਰ ਗੰਭੀਰ ਜਿਹਾ ਮੂੰਹ ਬਣਾਉਂਦਿਆਂ ਮੱਥੇ ਤੇ ਹੱਥ ਰੱਖ ਕੇ ਪਲ ਕੁ ਸੋਚ ਕੇ ਬੋਲਿਆ ਓ-ਹੋ-ਯਾਦ ਆਇਆ-ਟੀ.ਵੀ. ਵਾਲਾ ਅੰਕਲ ਕਹਿੰਦਾ ਸੀ, ਇੱਕ ਮੁੰਡੇ ਦਾ ਮੋਟਰ ਸਾਈਕਲ ਸਲਿੱਪ ਕਰ ਗਿਆ ਤੇ ਉਹ ਡਿੱਗ ਪਿਆ ਸੜਕ ਤੇ ਇੱਕ ਅੰਕਲ ਤੁਰਿਆ ਜਾਂਦਾ ਸੀ ਉਸ ਮੁੰਡੇ ਨੇ ਉਸ ਨੂੰ ਕਿਹਾ-ਅੰਕਲ ਸ਼ੁਕਰੀਆ ਪਰ ਅੰਕਲ ਨੇ ਕਿਹਾ ਇਸ ਵਿਚ ਸ਼ੁਕਰੀਆ ਕਰਨ ਦੀ ਕੋਈ ਜ਼ਰੂਰਤ ਨਹੀਂ ਇਹ ਮੇਰਾ 'ਫਰਸ' (ਫਰਜ਼) ਹੈ।

ਮੈਂ ਸੋਚਦੀ ਹਾਂ ਸਾਡੇ ਭੋਲੇ-ਭਾਲੇ ਬੱਚੇ ਸਹਿਜ ਸੁਭਾਅ ਕਿਵੇਂ ਕੁਝ ਚੰਗਾ ਗ੍ਰਹਿਣ ਕਰ ਲੈਂਦੇ ਨੇ ਜਦਕਿ ਅਸੀਂ ਵੱਡੇ ਕਈ ਵਾਰ ਇਨ੍ਹਾਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੇ। ਮੇਰੇ ਵਾਰ-ਵਾਰ ਸਮਝਾਉਣ ਤੇ ਵੀ ਉਹ ਫਰਜ਼ ਨੂੰ ਫਰਸ ਹੀ ਕਹਿ ਰਿਹਾ ਸੀ। ਉਹ ਆਪਣੀ ਗੱਲ ਤੇ ਬਜ਼ਿੱਦ ਸੀ ਕਿ ਫਰਜ਼ ਨਹੀਂ ਫਰਸ ਹੀ ਹੁੰਦਾ ਹੈ ਕਿਉਂਕਿ ਟੀ.ਵੀ. ਵਾਲਾ ਅੰਕਲ ਜੋ ਕਹਿ ਰਿਹਾ ਸੀ। ਇਨ੍ਹਾਂ ਨਿੱਕੇ-ਨਿੱਕੇ ਬੱਚਿਆਂ ਦੀਆਂ ਨਿੱਕੀਆਂ-ਨਿੱਕੀਆਂ ਮਿੱਠੀਆਂ ਗੱਲਾਂ ਕਈ ਵਾਰ ਬੜੀਆਂ ਸੂਝ ਵਾਲੀਆਂ ਵੀ ਹੋ ਨਿਬੜਦੀਆਂ ਨੇ। ਆਪਣੇ ਹਾਸਿਆਂ ਨਾਲ ਗੱਲਾਂ ਨਾਲ ਇਹ ਸਾਨੂੰ ਖੇੜਾ ਪ੍ਰਦਾਨ ਕਰਦੇ ਇਹ ਬੱਚੇ ਫੁੱਲ ਕਲੀਆਂ ਹੀ ਤਾਂ ਜਾਪਦੇ ਨੇ ਤੇ ਸਾਡੇ ਘਰ ਜਿਵੇਂ ਇਨ੍ਹਾਂ ਦੀ ਹੋਂਦ ਇਨ੍ਹਾਂ ਦੀ ਟਹਿਕ-ਮਹਿਕ ਨਾਲ ਗੁਲਦਸਤੇ ਬਣ ਜਾਂਦੇ ਨੇ।

ਬਾਲ ਕਹਾਣੀ

# ਬਾਂਦਰ ਤੇ ਨੀਲ ਪਰੀ

ਸੁਰਿੰਦਰ ਕੌਰ ਰੋਮੀ
ਫਿਲੌਰ

ਇੱਕ ਪਰੀ ਸੀ ਜਿਸ ਦੇ ਪੰਖ ਨੀਲੇ ਸਨ। ਉਸ ਨੂੰ ਸਾਰੇ ਨੀਲ ਪਰੀ ਕਹਿੰਦੇ ਸਨ। ਉਹ ਪਰੀ ਲੋਕ ਵਿਚ ਰਹਿੰਦੀ ਸੀ। ਪਰੀ ਲੋਕ ਵਿਚ ਹੋਰ ਵੀ ਪਰੀਆਂ ਰਹਿੰਦੀਆਂ ਸਨ ਤੇ ਇਕ ਰਾਣੀ ਪਰੀ ਜਿਸ ਦੇ ਪੰਖ ਸੁਨਹਿਰੀ ਸਨ, ਵੀ ਰਹਿੰਦੀ ਸੀ। ਰਾਣੀ ਪਰੀ ਨੂੰ ਸੋਨ ਪਰੀ ਵੀ ਕਹਿੰਦੇ ਸਨ।

ਨੀਲ ਪਰੀ ਨੂੰ ਪਾਣੀ ਵਿਚ ਨਹਾਉਣ ਦਾ ਬਹੁਤ ਸ਼ੌਕ ਸੀ। ਪਰ ਪਰੀ ਲੋਕ ਵਿਚ ਕੋਈ ਝੀਲ ਨਹੀਂ ਸੀ, ਇਸ ਲਈ ਉਹ ਹਰ ਚਾਂਦਨੀ ਰਾਤ ਨੂੰ ਧਰਤੀ 'ਤੇ ਆਉਂਦੀ ਤੇ ਨੈਨੀ ਝੀਲ ਵਿਚ ਬਹੁਤ ਨਹਾਉਂਦੀ। ਨਹਾ ਧੋ ਕੇ ਉਹ ਫਿਰ ਪਰੀ ਲੋਕ ਵਿਚ ਵਾਪਸ ਚਲੀ ਜਾਂਦੀ। ਜਦੋਂ ਉਹ ਪਾਣੀ ਵਿਚ ਨਹਾਉਂਦੀ ਤਾਂ ਆਪਣੇ ਨੀਲੇ ਪੰਖਾਂ ਨੂੰ ਉਤਾਰ ਕੇ ਝੀਲ ਦੇ ਕਿਨਾਰੇ ਲੱਗੇ ਇਕ ਦਰੱਖਤ ਹੇਠਾਂ ਰੱਖ ਦਿੰਦੀ। ਝੀਲ ਦੇ ਕਿਨਾਰੇ ਇਸ ਦਰਖਤ ਉੱਪਰ ਇਕ ਨਟਖਟ ਬਾਂਦਰ ਰਹਿੰਦਾ ਸੀ। ਜਦੋਂ ਨੀਲ ਪਰੀ ਨਹਾਉਣ ਲੱਗੀ ਆਪਣੇ ਪੰਖ ਉਤਾਰ ਕੇ ਦਰੱਖਤ ਹੇਠਾਂ ਰੱਖ ਦਿੰਦੀ ਸੀ ਤਾਂ ਉਨ੍ਹਾਂ ਪੰਖਾਂ ਵਿਚੋਂ ਬਹੁਤ ਮਨਮੋਹਕ ਸੁਗੰਧੀ ਆਉਂਦੀ ਸੀ। ਬਾਂਦਰ ਨੂੰ ਇਹ ਮਹਿਕ ਬਹੁਤ ਪਿਆਰੀ ਲੱਗਦੀ ਸੀ। ਉਹ ਇਸ ਮਹਿਕ ਦੀ ਭਾਲ ਨੂੰ ਇਧਰ-ਉਧਰ ਟਪੂਸੀਆਂ ਮਾਰਦਾ ਪਰ ਉਸ ਨੂੰ ਇਹ ਨਹੀਂ ਪਤਾ ਲੱਗਦਾ ਕਿ ਇਹ ਮਹਿਕ ਕਿਥੋਂ ਆ ਰਹੀ ਹੈ। ਉਹ ਹਰ ਇਕ ਪਾਸੇ ਸੁੰਘਦਾ ਫਿਰਦਾ ਅਤੇ ਬੜਾ ਪ੍ਰੇਸ਼ਾਨ ਹੋ ਜਾਂਦਾ।

ਇਕ ਦਿਨ ਬਾਂਦਰ ਨੇ ਦਰੱਖਤ ਤੋਂ ਹੇਠਾਂ ਉਤਰ ਕੇ ਨੀਲ ਪਰੀ ਦੇ ਪੰਖ ਸੁੰਘ ਲਏ ਤੇ ਉਸ ਨੂੰ ਪਤਾ ਲੱਗ ਗਿਆ ਕਿ ਇਹ ਮਹਿਕ ਇਨ੍ਹਾਂ ਪੰਖਾਂ ਵਿਚੋਂ ਹੀ ਆਉਂਦੀ ਹੈ। ਏਨੇ ਨੂੰ ਨੀਲ ਪਰੀ ਨਹਾ ਕੇ ਜਦੋਂ ਬਾਹਰ ਝੀਲ ਦੇ ਕਿਨਾਰੇ ਆਈ ਤਾਂ ਉਥੇ ਪੰਖ ਨਾ ਦੇਖ ਕੇ ਬਹੁਤ ਉਦਾਸ ਹੋਈ। ਉਸ ਨੇ ਦਰਖਤ ਉੱਪਰ ਨਿਗਾਹ ਮਾਰੀ ਤਾਂ ਪਤਾ ਲੱਗਾ ਕਿ ਉਸ ਦੇ ਪੰਖ ਬਾਂਦਰ ਲੈ ਗਿਆ ਹੈ। ਉਸ ਨੇ ਬਥੇਰਾ ਕਿਹਾ ਕਿ ਬਾਂਦਰ ਮਾਮਾ ਮੇਰੇ ਪੰਖ ਮੈਨੂੰ ਦੇ ਦਿਉ ਪਰ ਬਾਂਦਰ ਨੇ ਇੱਕ ਨਾ ਸੁਣੀ। ਬਾਂਦਰ ਉਨ੍ਹਾਂ ਪੰਖਾਂ ਨੂੰ ਆਪਣੇ ਹੱਥਾਂ ਵਿਚ ਲੈ ਕੇ ਇਧਰ-ਉਧਰ ਹਿਲਾਉਣ ਲੱਗਾ। ਏਨੇ ਨੂੰ ਇੱਕ ਕ੍ਰਿਸ਼ਮਾ ਹੋਇਆ ਕਿ ਬਾਂਦਰ ਦੇ ਪੈਰ ਉਖੜਨ ਲੱਗੇ ਤੇ ਵੇਖਦੇ-ਵੇਖਦੇ ਉਹ ਹਵਾ ਵਿਚ ਉੱਡਣ ਲੱਗ ਪਿਆ।

ਬਾਂਦਰ ਨੇ ਹੇਠਾਂ ਜ਼ਮੀਨ ਤੇ ਉਤਰਨ ਲਈ ਬਹੁਤ ਹੱਥ-ਪੈਰ ਮਾਰੇ ਪਰ ਉਹ ਹੇਠਾਂ ਨਾ ਉਤਰ ਸਕਿਆ। ਉਡਦਾ-ਉਡਦਾ ਉਹ ਪਰੀ ਲੋਕ ਵਿਚ ਪਹੁੰਚ ਗਿਆ। ਉਥੇ ਪਹੁੰਚ ਕੇ ਉਹ ਇਕ ਬਹੁਤ ਹੀ ਸੁਹਣੇ ਬਾਗ ਵਿਚ ਪਹੁੰਚ ਗਿਆ। ਉਸ ਨੂੰ ਇੰਝ ਲੱਗਾ ਕਿ ਉਹ ਸਵਰਗ ਵਿਚ ਪਹੁੰਚ ਗਿਆ ਹੈ। ਬਾਗ ਵਿਚ ਬਹੁਤ ਸੁੰਦਰ ਫੁੱਲ ਤੇ ਫਲ ਲੱਗੇ ਹੋਏ ਸਨ। ਬਾਂਦਰ ਨੇ ਆਪਣੀ ਆਦਤ ਮੁਤਾਬਕ ਉਹਨਾਂ ਫੁੱਲਾਂ ਨੂੰ ਤੋੜ-ਮਰੋੜ ਕੇ ਹੇਠਾਂ ਸੁੱਟ ਦਿੱਤਾ ਤੇ ਕੁਝ ਫਲਾਂ ਨੂੰ ਖਾ ਲਿਆ ਤੇ ਬਾਕੀ ਦੇ ਫਲ ਤੋੜ-ਤੋੜ ਕੇ ਹੇਠਾਂ ਸੁੱਟ ਦਿੱਤੇ ਤੇ ਸਾਰਾ ਬਾਗ ਉਜਾੜ ਦਿੱਤਾ। ਏਨੇ ਨੂੰ ਪਰੀ ਲੋਕ ਦੀਆਂ ਪਰੀਆਂ ਉਥੇ ਆ ਗਈਆਂ। ਉਹਨਾਂ ਨੇ ਬਾਂਦਰ ਨੂੰ ਪਕੜਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਬਾਂਦਰ ਇੰਨਾ ਚਲਾਕ ਸੀ ਕਿ ਉਹ ਉਨ੍ਹਾਂ ਦੇ ਹੱਥ ਨਹੀਂ ਲੱਗਾ ਤੇ ਇਧਰ-ਉਧਰ ਟਪੂਸੀਆਂ ਮਾਰ ਕੇ ਬਚਦਾ ਰਿਹਾ। ਪਰੀ ਲੋਕ ਦੀਆਂ ਪਰੀਆਂ ਨੇ ਸਾਰੀ ਖ਼ਬਰ ਆਪਣੀ ਰਾਣੀ ਸੋਨ ਪਰੀ ਨੂੰ ਜਾ ਕੇ ਦੱਸੀ। ਸੋਨ ਪਰੀ ਨੇ ਬਹੁਤ ਸਾਰਿਆਂ ਹੋਰ ਪਰੀਆਂ ਦੀ ਮਦਦ ਨਾਲ ਘੇਰਾ ਪਾ ਕੇ ਆਖਿਰ ਬਾਂਦਰ ਨੂੰ ਫੜ ਲਿਆ। ਬਾਂਦਰ ਦੀਆਂ ਹਰਕਤਾਂ ਦੇਖ ਕੇ ਉਸ ਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ। ਅੱਧੀ ਰਾਤ ਤੱਕ ਬਾਂਦਰ ਹਵਾਲਾਤ ਵਿਚ ਇੱਕ ਕੋਨੇ ਲੱਗ ਕੇ ਬੈਠਾ ਰਿਹਾ ਪਰ ਅੱਧੀ ਰਾਤ ਤੋਂ ਬਾਅਦ ਉਸ ਨੇ ਚੀਖਣਾ-ਚਿਲਾਉਣਾ ਸ਼ੁਰੂ ਕਰ ਦਿੱਤਾ। ਉਸ ਦਾ ਰੌਲਾ ਸੁਣ ਕੇ ਪਹਿਰੇਦਾਰ ਪਰੀਆਂ ਉਸ ਦੇ ਜੰਗਲੇ ਕੋਲ ਆਈਆਂ ਤਾਂ ਬਾਂਦਰ ਨੇ ਝਪਟ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਤੇ ਉਹਨਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਦੂਸਰੇ ਦਿਨ ਬਾਂਦਰ ਨੂੰ ਸੋਨ ਪਰੀ ਦੇ ਸਾਹਮਣੇ ਪੇਸ਼ ਕੀਤਾ ਗਿਆ। ਬਾਂਦਰ ਦੀਆਂ ਹਰਕਤਾਂ ਬਾਰੇ ਸੁਣ ਕੇ ਰਾਣੀ ਸੋਨ ਪਰੀ ਨੇ ਉਸ ਦੀ ਪੂੰਛ ਕੱਟ ਕੇ ਧਰਤੀ 'ਤੇ ਸੁੱਟ ਦੇਣ ਦਾ ਹੁਕਮ ਦੇ ਦਿੱਤਾ। ਬਾਂਦਰ ਨੂੰ ਜਲਾਦ ਪਰੀ ਕੋਲ ਲਿਜਾਇਆ ਗਿਆ। ਉਥੇ ਬਾਂਦਰ ਨੇ ਬਹੁਤ ਤਰਲੇ ਕੀਤੇ ਪਰ ਜਲਾਦ ਪਰੀ ਨੇ ਹੁਕਮ ਮੁਤਾਬਕ ਉਸ ਦੀ ਪੂੰਛ ਕੱਟ ਦਿੱਤੀ ਤੇ ਉਸ ਨੂੰ ਰੋਂਦਾ-ਕੁਰਲਾਉਂਦਾ ਧਰਤੀ 'ਤੇ ਸੁੱਟ ਦਿੱਤਾ। ਧਰਤੀ 'ਤੇ ਪਹੁੰਚ ਕੇ ਬਾਂਦਰ ਉਸੇ ਝੀਲ ਦੇ ਕਿਨਾਰੇ ਦਰੱਖਤ 'ਤੇ ਆਣ ਡਿੱਗਾ। ਨੀਲ ਪਰੀ ਉਥੇ ਹੀ ਬੈਠੀ ਝੀਲ ਦੇ ਕਿਨਾਰੇ ਰੋ ਰਹੀ ਸੀ। ਬਾਂਦਰ ਦਰਦ ਨਾਲ ਤੜਫ ਰਿਹਾ ਸੀ। ਉਸ ਨੇ ਜਦੋਂ ਆਪ ਦੇ ਹੱਥ ਪੈਰ ਇੱਧਰ-ਉੱਧਰ ਮਾਰੇ ਤਾਂ ਹੱਥਾਂ ਵਿਚੋਂ ਪੰਖ ਨਿਕਲ ਕੇ ਹੇਠਾਂ ਡਿੱਗ ਪਏ। ਨੀਲ ਪਰੀ ਨੇ ਆਪਣੇ ਪੰਖ ਲੈ ਲਏ ਤੇ ਪਰੀ ਲੋਕ ਵੱਲ ਉੱਡ ਗਈ। ਬਾਂਦਰ ਰੋਂਦਾ-ਕੁਰਲਾਉਂਦਾ ਉਸ ਨੂੰ ਦੇਖਦਾ ਰਿਹਾ। ਬੁਰੇ ਕੰਮ ਦਾ ਨਤੀਜਾ ਹਮੇਸ਼ਾਂ ਬੁਰਾ ਹੀ ਹੁੰਦਾ ਹੈ, ਬੁਰੇ ਕੰਮਾਂ ਤੋਂ ਹਮੇਸ਼ਾਂ ਦੂਰ ਰਹੋ।



# ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲੇ

## ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ (ਜ਼ਿਲ੍ਹਾ ਮੋਗਾ)

## ਤਪ ਅਸਥਾਨ ਤੇ ਅੰਗੀਠਾ ਸਾਹਿਬ ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ

**ਅਜ਼ਾਦੀ ਦਿਵਸ ਤੇ ਮੌਕੇ ਤੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਸੁਤੰਤਰਤਾ ਸੈਲਾਨੀਆਂ ਨੂੰ ਕੋਟਿ-ਕੋਟਿ ਪ੍ਰਣਾਮ!**

ਮੁੱਖ ਸੇਵਾਦਾਰ: **ਬਾਬਾ ਜਸਵੀਰ ਸਿੰਘ ਜੀ ਲੋਹਾਰਾ**

ਅਤੇ ਸਮੂੰਹ ਸਾਧ ਸੰਗਤ। **Mob. 95017-70065**



---




ੴ ਸਤਿਗੁਰ ਪ੍ਰਸਾਦਿ ॥

"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"

# ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ



ਇਥੇ ਅਸਥਾਨ ਤੇ ਮੁੱਖ ਸੇਵਾਦਾਰ ਬਾਬਾ ਪਵਨਦੀਪ ਸਿੰਘ ਜੀ ਦੀ ਸ੍ਰਪਰਸਤੀ ਹੇਠ ਸਿੱਖ ਇਤਿਹਾਸ ਨੂੰ ਪ੍ਰਫੁਲਤ ਕਰਦਾ ਸਿੱਖ ਅਜਾਇਬ ਘਰ ਸਥਾਪਿਤ ਹੈ ਜੋ ਨੋਜਵਾਨਾਂ ਨੂੰ ਸਿੱਖ ਧਰਮ ਬਾਰੇ ਜਾਣੂ ਕਰਵਾ ਕੇ ਉਨ੍ਹਾਂ ਨੂੰ ਸਿੱਖੀ ਧਾਰਨ ਕਰਨ ਲਈ ਪ੍ਰੇਰਿਤ ਕਰਦਾ ਹੈ ਅਤੇ ਇਥੇ ਇੱਕ ਵਿਸ਼ਾਲ ਚਿੜੀਆਂ ਘਰ ਬਣਾਇਆ ਗਿਆ ਹੈ ਜੋ ਕੁਦਰਤੀ ਨਜਾਰਾ ਪੇਸ਼ ਕਰਦਾ ਹੈ। ਇਸ ਚਿੜੀਆਂ ਘਰ ਵਿੱਚ ਕਈ ਤਰ੍ਹਾਂ ਦੇ ਪੰਛੀ ਅਤੇ ਜਾਨਵਰ ਹਨ ਜਿਨ੍ਹਾਂ ਦੀ ਚੰਗੀ ਤਰ੍ਹਾਂ ਦੇਖ-ਭਾਲ ਕੀਤੀ ਜਾਂਦੀ ਹੈ।

**ਅਜ਼ਾਦੀ ਦਿਵਸ ਤੇ ਮੌਕੇ ਤੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਸੁਤੰਤਰਤਾ ਸੈਲਾਨੀਆਂ ਨੂੰ ਕੋਟਿ-ਕੋਟਿ ਪ੍ਰਣਾਮ!**











ਮੁੱਖ ਸੇਵਾਦਾਰ

**ਸੰਤ ਬਾਬਾ ਪਵਨਦੀਪ ਸਿੰਘ ਜੀ**
ਕੜਿਆਲ ਵਾਲੇ



# 15 ਅਗਸਤ (ਅਜ਼ਾਦੀ ਦਿਵਸ) ਤੇ ਵਿਸ਼ੇਸ਼ ਸਪਲੀਮੈਂਟ

ਇਸ ਸਪਲੀਮੈਂਟ ਵਿੱਚ ਇਸ਼ਤਿਹਾਰ ਦੇਣ ਵਾਲੇ ਇਸ਼ਤਿਹਾਰ ਦਾਤਾਵਾਂ ਅਤੇ ਸਹਿਯੋਗੀਆਂ ਦਾ ਹਾਰਦਿਕ ਧੰਨਵਾਦ!

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ ਬਿਓਰੋ) ਸੰਪਰਕ: 9988-92-9988




ਸਮੂੰਹ ਦੇਸ਼ ਵਾਸਿਆਂ ਨੂੰ ਅਜ਼ਾਦੀ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ!

## ਰਹਿਮਤ ਪੀ ਵੀ ਸੀ

ਲੂਵਰ, ਫਲੋਰਮੈਟ ਵਾਲਪੇਪਰ ਨਵੇਂ-ਨਵੇਂ
ਰੰਗਾਂ ਅਤੇ ਵਧੀਆ ਕੁਵਾਲਟੀ ਵਿੱਚ
ਹੋਲ ਸੇਲ ਰੇਟਾਂ ਤੇ ਮਿਲਦੇ ਹਨ



ਨੋਟ :- ਕਾਰੀਗਰਾਂ ਦਾ ਖਾਸ ਪ੍ਰਬੰਧ ਹੈ

ਨੇੜੇ ਖੰਨਾ ਹਸਪਤਾਲ ਅੰਮ੍ਰਿਤਸਰ ਰੋੜ ਮੋਗਾ
ਸੰਪਰਕ: 94642-20270, 85228-00001

*Typically replies instantly*




*Contact 97791-61161, 85228-00001,76966-26826*
*E-mail: meetcollection714@gmail.com*

ਸਮੂੰਹ ਦੇਸ਼ ਵਾਸਿਆਂ ਨੂੰ ਅਜ਼ਾਦੀ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ!

## SADAMOGA.COM

ਸਾਡਾ ਮੋਗਾ ਡੌਟ ਕੌਮ

ਤਾਜ਼ੀਆਂ ਖ਼ਬਰਾਂ ਲਈ
ਆਪਣੇ ਐਂਡਰਾਇਡ ਫੋਨ ਦੇ
ਪਲੇਅ ਸਟੋਰ ਤੋਂ ਪੰਜਾਬੀਆਂ ਦਾ
ਆਪਣਾ ਐਪ
**Sada Moga**
ਇੰਸਟਾਲ ਕਰੋ ਜੀ



M. 98146-34164

# ਏਕਮ ਟਿਊਸ਼ਨ ਸੈਂਟਰ

ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ

# EKAM Tution Center

**All Subject of Nursury to 8 th Classes**

CBSE / ICSE / Punjab School Edu. Board

ਏ.ਸੀ. ਕਲਾਸ ਰੂਮ, ਵਾਈ-ਫਾਈ
ਕੰਮਪਿਊਟਰ ਪ੍ਰੈਟ ਆਊਟ

*Center: Basti Gobindgarh*
*Near Ghalan Walia Di Atta Chakki*
*1195, Ajit Nagar, Moga*



**Contact: 96460-21463**